ਮਾਸਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥

MAR 1992



ਮਾਰਚ ੧੯੯੨

ਤਖ਼ਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ

www.AKJ.Org

# ਤਤਕਰਾ


| | | |
|---|---|---|
| ਚੇਤਿ ਗੋਵਿੰਦੁ ਅਰਾਧੀਐ | ੩ | ਬਾਰਾਮਾਹਾ ਮਾਂਝ ਮਹਲਾ ੫ |
| – ਬਸੰਤ ਤੇ ਹੋਲੇ ਦੇ ਰੰਗ ਵਿਚ ਅਰਥ ਵਿਆਖਿਆ | ੪ | – – |
| ਅਦ੍ਰਿਸ਼ਟ ਵਾਹਿਗੁਰੂ ਦਾ ਪ੍ਰਕਾਸ਼ ਸੱਚੇ ਸਤਿਗੁਰੂ ਦੁਆਰਾ ਹੀ | ੭ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਭਾਈ ਹੀਰਾ ਸਿੰਘ ਜੀ ਦਾਊਦਪੁਰੀ | ੧੦ | ,, ,, ,, |
| ਸੋਈ ਗੁਰਮੁਖਿ ਪਿਆਰੇ ਮੇਲਿ (੬) | ੧੩ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਭਲੋ ਭਲੋ ਰੇ ਕੀਰਤਨੀਆ | ੧੫ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਸ੍ਰੀ ਤਰਨ ਤਾਰਨ ਸਾਹਿਬ ਵਿਖੇ ਸ਼ਹੀਦੀ ਸਾਕਾ (੨)! | ੨੦ | ਭਾਈ ਮੋਹਨ ਸਿੰਘ ਜੀ ਵੈਦ |
| ਹੋਰੁ ਖਾਣਾ ਖੁਸੀ ਖੁਆਰੁ | ੨੭ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਪੀਰੀ ਮੀਰੀ ਅਥਵਾ ਧਰਮ ਤੇ ਸਿਆਸਤ (੧) | ੩੦ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਭੂਰਿਆਂ ਵਾਲੇ ਰਾਜੇ ਕੀਤੇ (੨੪) | ੩੯ | ਕੈਪਟਿਨ ਸਵਰਨ ਸਿੰਘ ਜੀ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੩) | ੪੪ | – – |
| ਜੀਵਉ ਨਾਮੁ ਸੁਨੀ | ੪੭ | ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਜੀ |
| ਕਰਿ ਸੰਬਲ ਸੰਭਾਲ (ਕਵਿਤਾ) | ੫੦ | ਸ: ਅਤਰ ਸਿੰਘ ਜੀ 'ਨੀਰ' |


ਹੋਲਾ ਮਹੱਲਾ ੧੯ ਮਾਰਚ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੩੨/੩-ਏ ਫੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—(ੳ) ਰੋਹੀੜਾ-ਘਲੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫-ਡੀ/੫੫, (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਜ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 52206

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ਜਮ੍ਹਾ ਕਰਵਾ ਸਕਦੇ ਹੋ।

**ਸੂਚਨਾ**—ਸੰਬੰਧਤ ਸਜਣ ਨੋਟ ਕਰ ਲੈਣ ਕਿ ਸ਼: ਦਰਸ਼ਨ ਸਿੰਘ 'ਦਰਸ' ਪਿੰਡ ਰੋਹੀੜਾ-ਘਲੂਘਾਰਾ (ਸੰਗਰੂਰ) ਦਾ ਨਾਮ ਸਤਿਗੁਰੂ ਦੇ ਹੁਕਮਨਾਮੇ ਅਨੁਸਾਰ ਹੁਣ ਸ਼ਨਦੀਪ ਸਿੰਘ ਹੋ ਗਿਆ ਹੈ।


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੨.੩.੯੨ ਨੂੰ ਪ੍ਰਕਾਸ਼ਤ ਕੀਤਾ।



www.AKJ.Org

ਸਾਲਾਨਾ ਚੰਦਾ

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

ਪਰਦੇਸ (ਸਾਰੇ)

ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

| Foreign | Subscription |
|---|---|
| Sea Mail | 80-00 |
| Air Mail | 250-00 |

ਅਮਾਨਤੀ

ਲਾਈਫ਼ ਮੈਂਬਰ

| | |
|---|---|
| ਦੇਸ | ੨੫੦-੦੦ |

ਪਰਦੇਸ (ਸਾਰੇ)

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

**ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੯ ਮਾਰਚ ੧੯੯੨ ਅੰਕ ੩

# ਚੇਤਿ ਗੋਵਿੰਦੁ ਅਰਾਧੀਐ

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥

[ਬਾਰਹਮਾਹਾ ਮਾਂਝ ਮਹਲਾ ੫



www.AKJ.Org

### ਬਸੰਤ ਦੇ ਖੇੜੇ ਤੇ ਹੋਲੇ ਮਹੱਲੇ ਦੇ ਰੰਗ ਵਿਚ

# ਚੇਤ ਮਹੀਨੇ ਦੀ ਅਰਥ-ਵਿਆਖਿਆ

**ਪਦ ਅਰਥ** : ਚੇਤਿ–ਚੇਤ ਮਹੀਨੇ ਵਿਚ। ਅਰਾਧੀਐ–ਸਿਮਰੀਏ । ਘਣਾ–ਬਹੁਤਾ। ਸੰਤ ਜਨਾ–ਗੁਰਮੁਖਿ ਪਿਆਰਿਆਂ, ਸਤਿਗੁਰੂ ਦੇ ਹੁਕਮ ਦੀ ਕਮਾਈ ਕਰਨ ਵਾਲੇ ਗੁਰਸਿਖਾਂ । ਪਾਈਐ–ਪਾਈਦੀ ਹੈ। ਭਣਾ–ਭਣਨ ਨਾਲ, ਜਪਣ ਨਾਲ। ਜਿਨਿ– ਜਿਸ ਨੇ। ਤਿਸਹਿ–ਤਿਸੇ ਦਾ। ਆਏ ਗਣਾ- ਆਇਆ ਗਿਣੋ, ਆਇਆ ਸਮਝੋ। ਖਿਨੁ–ਰਤਾ ਜਿੰਨਾ ਸਮਾਂ। ਬਿਰਥਾ– ਬੇ-ਅਰਥ,ਫ਼ਜ਼ੂਲ। ਜਣਾ–ਜਾਣੋ,ਸਮਝੋ ਜਲਿ–ਜਲ ਵਿਚ। ਥਲਿ–ਖ਼ੁਸ਼ਕ ਧਰਤੀ ਵਿਚ। ਮਹੀਅਲਿ–ਪੁਲਾੜ ਵਿਚ, ਅਕਾਸ਼ ਵਿਚ। ਪੂਰਿਆ–ਪੂਰ ਰਹਿਆ, ਵਿਆਪਕ। ਵਣਾ–ਬ੍ਰਿਛਾਂ, ਜੰਗਲਾਂ ਵਿਚ। ਰਾਵਿਆ–ਸਿਮਰਨ ਦਾ ਰਸ ਮਾਣਿਆ । ਮਣਾ–ਮਣਾ-ਮੂੰਹੀਂ, ਬੇਅੰਤ। ਕੰਉ–ਨੂੰ। ਲੋਚਦਾ–ਤਾਂਘਦਾ। ਮਨਾ–ਮਨ ਵਿਚ। ਪਾਇ ਲਗਾ–ਪੈਰਾਂ ਤੇ ਪੈਂਦਾ ਹਾਂ, ਚਰਨੀਂ ਲਗਦਾ ਹਾਂ।

**ਅਰਥ** : ਚੇਤ ਮਹੀਨੇ ਵਿਚ ਗੋਬਿੰਦ-ਵਾਹਿਗੁਰੂ ਨੂੰ ਸਿਮਰੀਏ ਤਾਂ ਬੜਾ ਹੀ ਆਤਮਕ ਆਨੰਦ ਮਿਲਦਾ ਹੈ। (ਇਸ ਆਤਮਕ ਆਨੰਦ ਦੀ ਦਾਤਿ) ਗੁਰਮੁਖ ਪਿਆਰੇ ਨਾਮ-ਰਸੀਏ ਉਤਮ ਪੁਰਖਾਂ ਦੀ ਸੰਗਤ ਵਿਚ, ਜੀਭਾ ਨਾਲ ਨਾਮ ਜਪ ਕੇ ਪਾਈਦੀ ਹੈ।

ਜਿਸ ਪ੍ਰਾਣੀ ਨੇ (ਨਾਮ ਜਪ ਜਪ ਕੇ) ਆਪਣੇ ਵਾਹਿਗੁਰੂ (ਦਾ ਮਿਲਾਪ) ਪ੍ਰਾਪਤ ਕਰ ਲਿਆ ਹੈ, ਉਸੇ ਮਨੁੱਖ ਦਾ (ਸੰਸਾਰ ਤੇ) ਆਇਆਂ ਸਫਲਾ ਸਮਝੋ। ਪਰ ਤਿਸ ਵਾਹਿਗੁਰੂ (ਦੀ ਯਾਦ) ਤੋਂ ਬਿਨਾਂ ਇਕ ਖਿਨ ਮਾਤ੍ਰ ਵੀ ਜੋ ਜੀਣਾ ਹੈ, ਉਹ ਜਨਮ ਫ਼ਜ਼ੂਲ ਗਿਆ ਜਾਣੋ।

(ਵਾਹਿਗੁਰੂ) ਜਲ ਵਿਚ, ਧਰਤੀ ਵਿਚ, ਅਕਾਸ਼ ਵਿਚ ਤੇ ਜੰਗਲਾਂ ਵਿਚ, ਹਰ ਥਾਂ ਵਸ ਰਿਹਾ ਹੈ। (ਸਭ ਥਾਵਾਂ ਵਿਚ ਵਸ ਰਿਹਾ) ਅਜਿਹਾ ਵਾਹਿਗੁਰੂ ਜੇ ਹਿਰਦੇ ਵਿਚ ਚੇਤੇ ਨਹੀਂ ਆਉਂਦਾ ਤਾਂ ਕਿਤਨਾ ਦੁਖ ਦਸਿਆ ਜਾਏ ? ਭਾਵ, ਉਹ ਦੁਖ ਦਸਿਆ ਨਹੀਂ ਜਾ ਸਕਦਾ। ਜਿਹੜੀਆਂ ਗੁਰਮੁਖ-ਸੁਹਾਗਣਾਂ, ਨਾਮ-ਰਤੀਆਂ ਜੀਵ-ਇਸਤ੍ਰੀਆਂ (ਸਭ ਥਾਈਂ ਵਿਆਪਕ ਪ੍ਰਭੂ ਨੂੰ ਜਾਣ ਕੇ) (ਤਿਸ ਨਾਲ ਇਕ-ਮਿਕ ਹੋ ਕੇ) ਉਸ ਦੇ ਸਿਮਰਨ ਦਾ ਰਸ ਮਾਣਦੀਆਂ ਹਨ, ਤਿਨ੍ਹਾਂ ਗੁਰਮੁਖੀਆਂ ਦਾ ਅਤਿ ਵਡਾ ਭਾਗ (ਜਾਗ ਪੈਂਦਾ) ਹੈ।

'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਜੀ ਜਾਚਨਾ ਕਰਦੇ ਹਨ ਕਿ ਮੇਰਾ ਮਨ ਹਰੀ ਪ੍ਰਭੂ ਵਾਹਿਗੁਰੂ ਜੀ ਦੇ ਦਰਸ਼ਨ ਨੂੰ ਤਾਂਘਦਾ ਹੈ ਅਤੇ ਮੇਰੇ ਮਨ ਵਿਚ ਪ੍ਰਭੂ ਮਿਲਣੇ ਦੀ ਪਿਆਸਾ ਲਗੀ ਹੋਈ ਹੈ। ਸੋ (ਜਿਹੜਾ ਗੁਰੂ-ਪਿਆਰਾ) ਮੈਨੂੰ ਪ੍ਰਭੂ ਨਾਲ ਮਿਲਾ ਦੇਵੇ, ਮੈਂ ਉਸ ਦੇ ਚਰਨਾਂ ਦੀ ਸੇਵਾ ਵਿਚ ਜੁੜ ਜਾਵਾਂਗਾ।

**ਬਸੰਤ**–ਚੇਤ ਮਹੀਨੇ ਵਿਚ ਬਸੰਤ ਰੁਤ ਖਿੜਦੀ ਹੈ, ਫੁਲਾਂ ਦੀ ਪਸਰਦੀ ਸੁਗੰਧੀ ਨਾਲ ਅਨੰਦ-ਮੰਗਲਾਚਾਰ ਦੇ ਰੰਗ ਬਝਦੇ ਹਨ। ਵਾਹਿਗੁਰੂ ਜੀ ਦੇ ਪਿਆਰੇ ਨਾਮ-ਅਭਿਆਸੀ ਜਨ ਨਾਮ ਦੇ ਖੇੜੇ ਖਿੜਾਉਂਦੇ ਅਤੇ ਅਨੰਦ ਮਾਣਦੇ ਹਨ। ਬਸੰਤ ਦੇ ਇਸੇ ਖੇੜ ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ ਰਾਗ ਵਿਚ ਇਉਂ ਦਰਸਾਉਂਦੇ ਹਨ–ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥

ਚਰਨ ਕਮਲ ਪਾਗੇ ॥ ਤੁਮ ਮਿਲਹੁ ਪ੍ਰਭ ਸਭਾਗੇ ॥ ਹਰਿ ਚੇਤਿ ਮਨ ਮੇਰੇ ॥੧॥ਰਹਾਉ॥
ਸਘਨ ਬਾਸੁ ਕੂਲੇ ॥ ਇਕਿ ਰਹੇ ਸੂਕਿ ਕਠੂਲੇ ॥
ਬਸੰਤ ਰੁਤਿ ਆਈ ॥ ਪਰਫੂਲਤਾ ਰਹੈ ॥੧॥ (੧੧੮੫)

ਬਸੰਤ ਦੇ ਫੁਲਾਂ ਨੂੰ ਖਿੜਿਆ ਦਸ ਕੇ ਮਨ ਨੂੰ ਪ੍ਰੇਰਿਆ ਹੈ ਕਿ ਤੂੰ ਭੀ ਪ੍ਰਭੂ-ਚਰਨਾਂ ਨਾਲ ਜੁੜ ਕੇ ਨਾਮ ਨੂੰ ਚੇਤੇ ਕਰ। ਇਸ ਨਾਮ ਦੀ ਸੁਗੰਧੀ ਵਾਲੀ ਮਿਠੀ ਰੁਤ ਵਿਚ ਜਿਹੜੇ ਪ੍ਰਾਣੀ ਨਾਮ ਨਾਲ ਨਹੀਂ ਜੁੜਦੇ, ਉਹ ਲਕੜ ਵਾਂਗ ਸੁੱਕੇ ਰਹਿ ਜਾਂਦੇ ਹਨ। ਨਾਮ ਜਪਣ ਦੀ ਇਹੋ ਰੁਤ ਹੈ, ਇਸੇ ਰੁਤ ਵਿਚ ਨਾਮ ਬੀਜਿਆ ਜਾ ਸਕਦਾ ਹੈ–ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥


www.AKJ.Org

ਆਨ ਰੁਤਿ ਨਾਹੀ ਨਾਹੀ ॥ ਮਤੁ ਭਰਮਿ ਭੂਲੋ ਭੂਲੋ ॥...੩॥੧੮। (ਪੰਨਾ ੧੧੮੫)

**ਹੋਲਾ ਮਹੱਲਾ**—ਇਸੇ ਖਿੜੀ ਹੋਈ ਬਸੰਤ ਰੁਤ ਵਿਚ ਲੋਕੀ ਹੋਲੀਆਂ ਦੁਆਰਾ ਰੰਗ-ਰਲੀਆਂ ਮਾਣਦੇ ਤੇ ਖੁਸ਼ੀਆਂ ਮਨਾਂਦੇ ਹਨ। ਦਸਮ ਪਾਤਸ਼ਾਹ ਕਲਗੀਧਰ ਜੀ ਨੇ ਇਸ ਰੁਤੇ ਨਾਮ-ਰੰਗੀ ਸਮਾਗਮਾਂ ਅਤੇ ਬੀਰ-ਰਸੀ ਅਖਾੜਿਆਂ ਦੇ ਉਤਸ਼ਾਹ ਮਨਾਂਦਿਆਂ ਹੋਲੇ ਮਹੱਲੇ ਦਾ ਤਿਉਹਾਰ ਖ਼ਾਲਸੇ ਨੂੰ ਬਖ਼ਸ਼ਿਆ।

ਕਲਗੀਧਰ ਜੀ ਦੇ ਅਨਿੰਨ ਸੇਵਕ ਭਾਈ ਨੰਦ ਲਾਲ ਜੀ, ਸਤਿਗੁਰੂ ਜੀ ਦੇ ਇਸ ਨਾਮ-ਰੰਗ ਦੇ ਗੁਲਾਲ ਦੇ ਛਿੜਕਾਉ ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਜਦੋਂ ਸਤਿਗੁਰੂ ਜੀ ਨੇ ਕੇਸਰ ਦੀ ਸੁਗੰਧੀ ਵਾਲੀ ਨਾਮ-ਰੰਗ ਦੀ ਪਿਚਕਾਰੀ ਮਾਰੀ ਤਾਂ ਹਰ ਬਦ-ਰੰਗ ਸੋਹਣੇ ਸੁਗੰਧਤ ਰੰਗ ਵਿਚ ਰੰਗਿਆ ਗਿਆ ਅਤੇ ਜ਼ਮੀਨ, ਅਸਮਾਨ ਲਾਲੋ ਲਾਲ ਹੋ ਗਏ—

ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ। ਕਿ ਹਰ ਬੇਰੰਗ ਰਾ ਖੁਸ਼ਰੰਗੋ ਬੂ ਕਰਦ।
ਗੁਲਾਲਿ ਅਫ਼ਸ਼ਾਨੀਇ ਦਸਤਿ ਮੁਬਾਰਿਕ। ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।

ਜ਼ਮੀਨ ਤੇ ਅਸਮਾਨ ਹੀ ਨਹੀਂ, ਸਗੋਂ ਉਸ ਪਾਤਸ਼ਾਹ ਨੇ ਨਾਮ ਮਜੀਠੀ-ਰੰਗ ਦਾ ਜਾਮਾ ਜਦ ਸਾਨੂੰ ਪਹਿਨਾਇਆ ਤਾਂ ਉਸ ਦੀ ਬਖ਼ਸ਼ਸ਼ ਨਾਲ ਸਾਡੇ ਲਈ ਲੋਕ ਪਰਲੋਕ ਦੋਵੇਂ ਹੀ ਰੰਗੀਜੇ ਗਏ—

ਦੋ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼। ਚੂ ਸ਼ਾਹਮ ਜਾਮਾ ਰੰਗੀਨ ਦਰ ਗੁਲੂ ਕਰਦ।

ਭੁਲੀ ਲੁਕਾਈ ਇਕ ਦੂਜੇ ਉਪਰ ਲਾਲ ਪੀਲੇ ਰੰਗ ਸੁਟ ਕੇ ਕਪੜਿਆਂ ਦੀ ਖੇਹ ਉਡਾਂਦੀ ਹੈ। ਪਰ ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ ਬਾਹਰਮੁਖੀ ਕਪੜੇ ਰੰਗਣ ਦੇ ਕੁਹਜ ਤੋਂ ਬਚ ਕੇ ਸਤਸੰਗਤਿ ਦੀ ਚਰਨ-ਧੂੜੀ ਵਿਚ ਨਿਮਰਤਾ ਵਿਚ ਵਿਚਰਦਿਆਂ ਆਪਣੇ ਮਨ ਨਾਮ-ਰੰਗ ਵਿਚ ਰੰਗੋ, ਜੋ ਰੰਗ ਕਦੇ ਵੀ ਨਹੀਂ ਉਤਰੇਗਾ।

ਗੁਰਵਾਕ ਹੈ— ਏ ਮਨ ਕੂੜੇ ਰੰਗੁਲੇ ਤੂ ਸਚਾ ਰੰਗੁ ਚੜਾਇ ॥
ਕੂੜੀ ਬਾਣੀ ਜੇ ਰਪੈ ਨ ਇਹ ਰੰਗ ਲਹੈ ਨ ਜਾਇ ॥੧॥ਰਹਾਉ॥੩੧॥ (ਪੰਨਾ ੪੨੭)

ਅਤੇ— ਸਤਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ ॥
ਕਹੁ ਨਾਨਕ ਰੰਗਿ ਚਲੂਲ ਭਏ ਹੈ, ਹਰਿ ਰੰਗੁ ਨ ਲਹੈ ਮਜੀਠਾ ॥੨॥੪੨॥ (੧੨੧੨)

ਫਿਰ— ਹਰਿ ਰੰਗਿ ਚਲੂਲੇ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ ॥੧॥੧੯॥ (੩੧੧)

ਸਤਿਗੁਰੂ ਜੀ ਬਸੰਤ ਦੇ ਖੇੜੇ ਅਤੇ ਨਾਮ-ਰੰਗ ਵਿਚ, ਸਤਸੰਗੀਆਂ ਨਾਲ ਮਿਲ ਕੇ ਸੱਚੀ ਸੇਵ ਕਮਾਂਦਿਆਂ ਇਹ ਅਨੰਦ ਇਉਂ ਮਾਣਦੇ ਹਨ—

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥੧॥ (ਪੰਨਾ ੧੧੮੦)

**ਵਿਆਖਿਆ ਚੇਤ**—ਬਾਰਹਮਾਹ ਦੇ ਪਹਿਲੇ ਚੇਤ ਮਹੀਨੇ ਦੁਆਰਾ ਪੰਚਮ ਪਾਤਸ਼ਾਹ ਜੀ ਉਪਦੇਸ਼ ਕਰਦੇ ਹਨ ਕਿ ਸੱਚਾ ਤੇ ਸਦੈਵੀ ਆਤਮਕ ਅਨੰਦ-ਉਤਸ਼ਾਹ ਪ੍ਰਾਣੀ ਨੂੰ ਓਦੋਂ ਹੀ ਮਿਲਦਾ ਹੈ ਜਦੋਂ ਉਹ ਦੁਨੀਆਵੀ ਝੰਜਟਾਂ ਤੋਂ ਉਪਰਾਮ ਹੋ ਕੇ ਨਾਮ-ਸਿਮਰਨ ਵਲ ਲਗਦਾ ਹੈ। ਸਤਸੰਗਤਿ ਵਿਚ ਮਿਲ ਕੇ ਨਾਮ ਸਿਮਰਦਿਆਂ ਹੀ ਸਭ ਦੁਖਾਂ ਕਲੇਸ਼ਾਂ ਤੋਂ ਛੁਟਕਾਰਾ ਹੁੰਦਾ ਹੈ। ਗੁਰਵਾਕ—

— ਸਿਮਰਤ ਸਾਂਤਿ ਮਹਾ ਸੁਖੁ ਪਾਈਐ, ਮਿਟਿ ਜਾਹਿ ਬਿਖਾਦ ॥
ਹਰਿ ਹਰਿ ਲਾਭ ਸਾਧ ਸੰਗਿ ਪਾਈਐ, ਘਰਿ ਲੈ ਆਵਹੁ ਲਾਦਿ ॥੧॥੭੮॥ (੧੨੧੯)
— ਤੁਮ ਰਵਹੁ ਗੋਬਿੰਦੈ ਰਵਣ ਜੋਗੁ ॥ ਜਿਤੁ ਰਵਿਐ ਸੁਖ ਸਹਜ ਭੋਗ ॥੧॥ਰਹਾਉ॥੧੪॥(੧੧੮੪)


www.AKJ.Org

— ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿੰਦ ਗੁਨ ਗਾਇ ॥੨੩॥ (ਸਲੋਕ) (ਪੰਨਾ ੨੫੪)

ਫਿਰ ਇਹ ਦ੍ਰਿੜ੍ਹ ਕਰਾਇਆ ਕਿ ਇਹ ਨਾਮ-ਸਿਮਰਨ ਦਾ ਖੇੜਾ ਨਾਮ-ਰਸੀਏ ਉੱਤਮ ਪੁਰਸ਼ਾਂ ਦੀ ਸਤਸੰਗਤ ਵਿਚ ਮਿਲਿਆਂ ਖਿੜਦਾ ਹੈ, ਜਿਵੇਂ ਗੁਰ-ਫੁਰਮਾਨ ਹੈ–

ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ ॥
ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ ॥ (੫੪੫)

ਹਾਂ ਜੀ, ਸਤਸੰਗੀਆਂ ਨਾਲ ਮਿਲ ਕੇ ਜਿਹੜੇ ਜਨ 'ਵਾਹਿਗੁਰੂ' 'ਵਾਹਿਗੁਰੂ' ਨਾਮ ਦੀਆਂ ਗੂੰਜਾਂ ਪਾਂਦੇ ਸਚੇ ਰੰਗ ਮਾਣਦੇ ਹਨ ਉਨ੍ਹਾਂ ਦਾ ਹੀ ਇਸ ਸੰਸਾਰ ਵਿਚ ਆਉਣਾ ਸਫਲਾ ਹੈ–

ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥
ਆਇ ਬਸਹਿ ਸਾਧੂ ਕੈ ਸੰਗੇ ॥ ਅਨਦਿਨੁ ਨਾਮੁ ਧਿਆਵਹਿ ਰੰਗੇ ॥ (ਪੰਨਾ ੨੫੨)

ਪ੍ਰਭੂ ਦਾ ਸਚਾ ਸੁਚਾ ਗੁਰਸਿਖ-ਸੇਵਕ ਇਕ ਖਿਨ ਵੀ ਵਾਹਿਗੁਰੂ ਤੋਂ ਵਿਛੜਨਾ, ਜਨਮ ਬਿਰਥਾ ਗੁਆਉਣ ਅਤੇ ਨਰਕ ਭੋਗਣ ਤੁਲ ਸਮਝਦਾ ਹੈ, ਜਿਵੇਂ ਸਤਿਗੁਰੂ ਫ਼ੁਰਮਾਂਦੇ ਹਨ–

ਸਾਸ ਬਿਨਾ ਜੋ ਦੇਹੁਰੀ ਕਤ ਸੋਭਾ ਪਾਵੈ ॥ ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਪਾਵੈ ॥
ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ ॥
ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ ॥੩॥ (੧੧੨੨)

ਅਤੇ– ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ਰਹਾਉ॥ (ਪੰਨਾ ੧੪)

ਵਾਹਿਗੁਰੂ ਜੀ ਤਾਂ ਧਰਤੀ, ਅਕਾਸ਼, ਜੰਗਲਾਂ, ਪਾਣੀਆਂ, ਸਭ ਥਾਵਾਂ ਵਿਚ ਭਰਪੂਰ ਹੋ ਰਿਹਾ ਹੈ। ਐਸਾ ਰਮਤ ਰਾਮ ਜੇ ਚੇਤੇ ਨਾ ਆਵੇ, ਉਸ ਨੂੰ ਭੁਲ ਜਾਈਏ ਤਾਂ ਫਿਰ–

ਦੁਖੁ ਤਦੇ ਜਾ ਵਿਸਰਿ ਜਾਵੈ ॥ ਭੁਖ ਵਿਆਪੈ ਬਹੁ ਬਿਧਿ ਧਾਵੈ ॥

ਅਤੇ– ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥੧॥੧੫॥ (੧੯੮)

ਵਾਹਿਗੁਰੂ ਜੀ ਨੂੰ ਤਿਆਗ ਕੇ ਪਛਤਾਵਾ ਹੀ ਪਲੇ ਪੈਣਾ ਹੈ ਅਤੇ ਅੰਤ ਹੱਥ ਮਲਦੇ ਰਹਿ ਜਾਣਾ ਹੈ–

ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥
ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥੨॥
ਪਛੋਤਾਵਾ ਨ ਮਿਲੈ ਜਬ ਚੂਕੈਗੀ ਸਾਰੀ ॥
ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥੩॥ (੭੨੫)

ਉਹ ਸੁਹਾਗਣਾਂ (ਜੀਵ-ਇਸਤ੍ਰੀਆਂ) ਵਡੇ ਭਾਗਾਂ ਵਾਲੀਆਂ ਹਨ ਜੋ ਵਾਹਿਗੁਰੂ-ਮਿਲਾਪ ਦਾ ਅਨੰਦ ਮਾਣਦੀਆਂ ਤੇ ਨਾਮ ਦੀਆਂ ਠੰਢੀਆਂ ਮਿਠੀਆਂ ਛਾਵਾਂ ਦੇ ਹੁਲਾਰੇ ਲੈਂਦੀਆਂ ਹਨ। ਗੁਰੂ ਨਾਨਕ ਪਾਤਸ਼ਾਹ ਇਸ ਸੁਖ ਦਾ ਪ੍ਰਗਟਾਵਾ ਕਰਦੇ ਹਨ–

ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ । (ਸੂਹੀ ਮ: ੧–੭੬੨)

ਮਹੀਨੇ ਦੇ ਅੰਤ ਵਿਚ ਸਤਿਗੁਰੂ ਜੀ ਪ੍ਰਭੂ-ਦਰਸ਼ਨ ਲਈ ਆਪਣੀ ਤੀਖਣ ਲੋਚਾ ਤੇ ਪਿਆਸਾ ਦਸਦੇ ਤਰਲਾ ਲੈਂਦੇ ਹਨ ਕਿ ਕੋਈ ਪ੍ਰਭੂ-ਵਰੋਸਾਇਆ ਮੈਨੂੰ ਪ੍ਰਭੂ ਨਾਲ ਮਿਲਾ ਦੇਵੇ, ਮੈਂ ਉਸ ਦੇ ਚਰਨ ਧੋਵਾਂ ਤੇ ਉਸ ਤੋਂ ਕੁਰਬਾਨ ਹੋਵਾਂ। ਪੰਚਮ ਸਤਿਗੁਰੂ ਜੀ ਵਡਹੰਸ ਵਿਚ ਆਪਣੀ ਬਿਹਬਲਤਾ ਇਉਂ ਦਰਸਾਉਂਦੇ ਹਨ–

ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ ਪਾਈ ਗੁਰ ਪੂਰੇ ॥
ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ ॥
ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ ॥ *



www.AKJ.Org

# ਅਦ੍ਰਿਸ਼ਟ ਵਾਹਿਗੁਰੂ ਦਾ ਪ੍ਰਕਾਸ਼ ਸੱਚੇ ਸਤਿਗੁਰੂ ਦੁਆਰਾ ਹੀ

[ਸਚਖੰਡ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਗੁਰੂ ਨਾਨਕ ਸਾਹਿਬ ਦੀ ਅਸਾਂ ਕਲਜੁਗੀ ਜੀਵਾਂ ਉਤੇ ਅਪਾਰ ਨਦਰ ਮੇਹਰ ਹੋਈ ਕਿ ਧੁਰ ਵਾਹਿਗੁਰੂ ਦੀ ਦਰਗਾਹੋਂ 'ਵਾਹਿਗੁਰੂ' ਸਰੂਪ ਗੁਰਮੰਤਰ ਲਿਆਂਦਾ, ਜਿਸ ਦੇ ਬਿਹੂਣ ਸਾਰਾ ਜਗਤ ਸੰਸਾਰ ਬਉਰਾਨਾ (ਕਮਲਾ) ਹੋਇਆ ਪਇਆ ਸੀ। ਹੁਣ ਭੀ ਬਉਰਾਨਾ ਹੀ ਹੈ, ਜੈਸੇ ਕਿ ਗੁਰਵਾਕ ਦਾ ਭਾਵ ਹੈ—

"ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ" ॥੮॥ ਸੋਰਠਿ ਮ: ੧, ਪੰਨਾ ੬੩੫

ਧੰਨ ਗੁਰੂ ਨਾਨਕ ਸਾਹਿਬ, ਜਿਨ੍ਹਾਂ ਦੇ ਧੁਰੋਂ ਵਾਹਿਗੁਰੂ ਦੀ ਦਰਗਾਹੋਂ ਵਾਹਿਗੁਰੂ ਸਰੂਪ ਗੁਰ-ਮੰਤਰ ਗੁਰ-ਸ਼ਬਦ ਲਿਆਉਣ ਕਰਕੇ, ਇਸੇ ਗੁਰ-ਸ਼ਬਦ ਦੇ ਪ੍ਰਤਾਪ ਕਰਕੇ ਅਤੇ ਗੁਰੂ ਨਾਨਕ ਸਾਹਿਬ ਦੀਆਂ ਨਦਰ ਮੇਹਰਾਂ ਦੇ ਸਦਕੇ, ਸ਼ਬਦ ਅਭਿਆਸ ਕਮਾਈਆਂ ਦੀ ਬਰਕਤ ਨਾਲ 'ਅਦ੍ਰਿਸ਼ਟ ਵਾਹਿਗੁਰੂ', ਕਮਾਈਆਂ ਕਰਨਹਾਰੇ ਗੁਰਸਿਖਾਂ ਦੇ ਘਟ ਅੰਤਰ ਹੀ ਜੋਤਿ ਪਰਜੁਲਤੀ ਹੋ ਕੇ ਪਰਤੱਖ ਪ੍ਰਕਾਸ਼ਮਾਨ ਹੋ ਜਾਂਦਾ ਹੈ, ਜੈਸੇ ਕਿ ਇਸ ਅਗਲੇਰੇ ਗੁਰਵਾਕ ਦੀ ਪੰਗਤੀ ਦਾ ਭਾਵ ਹੈ—

ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥ [ਰਾਮਕਲੀ ਮ: ੩—੯੧੦

ਭਾਵ, ਗੁਰੂ ਨਾਨਕ ਸਾਹਿਬ ਜੀ ਦੇ ਬਖ਼ਸ਼ੇ ਹੋਏ ਗੁਰਮੰਤਰ ਦੇ ਤੁਫ਼ੈਲ ਵਾਹਿਗੁਰੂ-ਦਰਸ਼ਨਾਂ ਦੇ ਖੋਜੀ ਗੁਰਮੁਖਿ ਜਗਿਆਸੂ ਨੇ ਇਸ ਦੇਹ ਰੂਪੀ ਨਗਰੀ (ਘਟ) ਅੰਦਰ ਹੀ ਜੋਤਿ ਸਰੂਪੀ ਵਾਹਿਗੁਰੂ ਨੂੰ ਅਭਿਆਸ-ਸ਼ਕਤੀ ਨਾਲ ਖੋਜ ਕੇ ਲਭ ਲੈਣਾ ਹੈ, ਗੁਰ-ਸ਼ਬਦ ਦੀਆਂ ਅਭਿਆਸ ਕਮਾਈਆਂ ਕਰਦੇ ਕਰਦੇ ਘਟ ਅੰਦਰੋਂ ਹੀ ਜੋਤਿ-ਪ੍ਰਕਾਸ਼ੀ-ਨਾਮ-ਨਵਨਿਧੀ ਦੀਪਕ ਪ੍ਰਕਾਸ਼ ਕਰ ਲੈਣਾ ਹੈ। ਗੁਰ ਨਾਨਕ ਸਾਹਿਬ ਜੀ ਦੇ ਬਖ਼ਸ਼ੇ ਹੋਏ ਸ਼ਬਦ ਗੁਰ-ਮੰਤਰ ਦੇ ਪ੍ਰਤਾਪ ਨਾਲ ਨਦਰ-ਕਮਾਈਆਂ ਕਰਦੇ ਕਰਦੇ ਜੋ ਘਟ ਅੰਦਰ ਹੀ ਜੋਤਿ ਪ੍ਰਕਾਸ਼ ਹੋ ਜਾਣੀ ਹੈ, ਉਹ ਨਾਮ ਰੂਪੀ ਅਜਿਹਾ ਜੋਤਿ ਪ੍ਰਜੁਲਤੀ ਦੀਪਕ ਪ੍ਰਕਾਸ਼ਤ ਹੋ ਜਾਣਾ ਹੈ, ਜਿਸ ਦੇ ਤੁਲ ਸੰਸਾਰਕ ਨਵ ਨਿਧੀਆਂ ਸਿਧੀਆਂ ਸਭ ਮਾਤ੍ਰ ਹਨ। ਗੁਰਸਿਖੀ ਗੁਰਮੁਖੀ ਲਈ ਇਹੋ ਜੋਤਿ ਪ੍ਰਜੁਲਤੀ ਪ੍ਰਕਾਸ਼ਤ ਹੋਇਆ ਨਾਮ ਹੀ ਸਚੀ ਨਵ-ਨਿਧੀ ਹੈ। ਇਸ ਸਦ ਨਵ-ਨਿਧਾਨ ਰੂਪੀ ਨਿਧੀ ਨੇ ਅਦ੍ਰਿਸ਼ਟ-ਵਾਹਿਗੁਰੂ-ਦਰਸ਼ਨ-ਖੋਜੀਆਂ ਨੂੰ ਲੱਟੂ ਕਰੀ ਰਖਣਾ ਹੈ। ਇਸੀ ਨਵ-ਨਵੇਲੜੀ ਅਤੇ ਸਹਿਜ ਸੁਹੇਲੜੀ ਸਦ ਸ਼ਗੁਫ਼ਤਣੀ ਨਾਮ-ਨਿਰਬਾਣ ਮਈ ਸਚੀ ਨਿਧੀ ਦੇ ਪ੍ਰਤਾਪ ਨਾਲ, ਜੋ ਖੋਜੀ ਗੁਰਮੁਖਿ ਜਨਾਂ ਨੇ ਘਟ ਅੰਤਰ ਹੀ ਪਾਇ ਰਖੀ ਹੈ, ਹੋਰ ਦ੍ਰਿਸ਼ਟਮਾਨ ਦੁਬਿਧਾ ਮਈ ਕੂੜਾਵੀ ਆਸਾ ਮਨਸਾ ਰੂਪੀ ਦੁਰਮਤਿ ਬੁਧੀ ਨੂੰ ਉੱਕਾ ਹੀ ਮਿਟਾਇ ਦੇਣਾ ਹੈ ਅਤੇ ਇਸ ਨੂੰ ਮਿਟਾਇ ਕੇ ਗੁਰਮੁਖਿ ਖੋਜੀਆਂ ਦਾ

---

* ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਬਿਨੁ ਦਰਸਨ ਕਿਉ ਮਨੁ ਧੀਰੇ ॥੧॥
ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ ਮੇਲਿਹੁ ਮਿਤ੍ਰੁ ਸੁਖਦਾਤਾ ॥
ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ ਨਿਤ ਸੁਣਾਵੈ ਹਰਿ ਕੀਆ ਬਾਤਾ ॥
ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ॥
ਹਉ ਕਿਆ ਗੁਣ ਤੇਰੇ ਸਾਰਿ ਸਮਾਲੀ ਮੈ ਨਿਰਗੁਣ ਕਉ ਰਖਿ ਲੇਤਾ ॥੨॥
ਹਉ ਭਈ ਉਡੀਣੀ ਕੰਤ ਕਉ ਅੰਮਾਲੀ ਸੋ ਪਿਰੁ ਕਦਿ ਨੈਣੀ ਦੇਖਾ ॥
ਸਭਿ ਰਸ ਭੋਗਣ ਵਿਸਰੇ ਬਿਨੁ ਪਿਰ ਕਿਤੈ ਨ ਲੇਖਾ ॥
ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ ॥
ਜਿਨੀ ਸਖੀ ਲਾਲ ਰਾਵਿਆ ਪਿਆਰਾ ਤਿਨ ਆਗੈ ਹਮ ਆਦੇਸਾ ॥੩॥...
ਧਨੁ ਧਨੁ ਤੇ ਸੋਹਾਗਣੀ ਅੰਮਾਲੀ ਜਿਨ ਸਹੁ ਰਹਿਆ ਸਮਾਏ ॥
ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ ਤਿਨ ਕੇ ਧੋਵਾ ਸਦ ਪਾਏ ॥੪॥ (ਪੰ: ੫੬੪)



www.AKJ.Org

ਮਨ ਸਦਾ ਸਹਿਜ ਲਿਵਤਾਰ ਵਿਖੇ ਹੀ ਜੁੜੇ ਰਹਿਣਾ ਹੈ। ਇਸ ਸਹਿਜ ਲਿਵਤਾਰੀ ਗੁਰਮਤਿ ਅੱਭਿਆਸ ਵਿਖੇ **ਮਜਜ਼ੂਬ (ਲੀਨ)** ਹੋ ਕੇ ਰਸਨਾ ਦੁਆਰਾ ਸ਼ਬਦ ਗੁਰਮੰਤਰ ਉਚਾਰਨ ਦੀ ਲੋੜ ਨਹੀਂ ਰਹਿਣੀ। ਸੱਚੀ ਸਿਫ਼ਤ-**ਸਲਾਹ ਅੰਤਰਗਤੀ** ਸੁਤੇ ਸੁਭਾਵ ਹੀ ਵਾਹਿਗੁਰੂ-ਮਿਲਾਪ ਵਿਚ ਹੀ ਹੁੰਦੀ ਰਹਿਣੀ ਹੈ। ਯਥਾ ਗੁਰਵਾਕ ਦੀ ਅਗਲੀ **ਪੰਗਤੀ—** ਮਨਸਾ ਮਾਰਿ ਮਨੁ ਸਹਜਿ ਸਮਾਣਾ, ਬਿਨੁ ਰਸਨਾ ਉਸਤਤਿ ਕਰਾਈ ॥੨੩॥

ਇਸ ਲਿਵਤਾਰੀ ਵਾਹਿਗੁਰੂ-ਮਿਲਾਪ-ਸਹਿਜ-ਬਿਵਸਥਾ ਵਿਖੇ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਕਰਨ-ਹਾਰਿਆਂ ਦੇ ਲੋਇਣ ਇਕ-ਟਕ ਬਿਸਮਾਦੀ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਕਰਨਹਾਰੇ ਹੀ ਹੋ ਜਾਂਦੇ ਹਨ। ਇਥੇ ਪੁਜ ਕੇ ਉਨ੍ਹਾਂ ਦੀ ਚਿਤ-ਬਿਰਤੀ ਸਹਿਜ ਸੁਰਤੀ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਵਿਚ ਹੀ ਲਗੀ ਰਹਿੰਦੀ ਹੈ. ਇਕ ਖਿਨ ਭੀ ਲਾਂਭੇ ਨਹੀਂ ਹੁੰਦੀ। ਯਥਾ ਅਗਲੇਰੀ ਪੰਗਤੀ—

ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥੨੪॥

ਇਹ ਅਦ੍ਰਿਸ਼ਟ ਵਾਹਿਗੁਰੂ ਆਪਣੀ ਹਮਾ ਮਉਸੂਫ਼ (ਅਨੂਪਮ) ਸਿਫ਼ਤ ਦੁਆਰਾ ਸਦਾ ਨਿਰਾਲਮ ਹੀ ਰਹਿੰਦਾ ਹੈ। ਜੋਤਿ-ਸ਼ਗੁਫਤੀਏ (ਵਿਗਾਸੀ) ਗੁਰਮੁਖਿ ਖੋਜੀ ਜਨ ਦੀ ਬਿਰਤੀ ਜੋਤਿ ਸਰੂਪੀ ਵਾਹਿਗੁਰੂ ਵਿਚ ਹੀ ਸਮਾਈ ਰਹਿੰਦੀ ਹੈ। ਯਥਾ—ਅਦਿਸਟ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥੨੫॥

ਇਹ ਸਾਰਾ ਪ੍ਰਤਾਪ ਗੁਰੂ ਨਾਨਕ ਸਾਹਿਬ ਦੀ ਬਖ਼ਸ਼ੀ ਹੋਈ ਗੁਰਮਤਿ ਸਿਫ਼ਤ-ਸਾਲਾਹ ਦਾ ਸਦਕਾ ਹੀ ਹੈ। ਐਸੇ ਵਾਹਿਗੁਰੂ ਸਰੂਪ ਗੁਰ-ਸ਼ਬਦ ਦੀ ਸਿਫ਼ਤ ਸਲਾਹ, ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਕਰਨਹਾਰਾ ਖੋਜੀ ਜਨ ਸਦਾ ਹੀ ਕਰਦਾ ਰਹਿੰਦਾ ਹੈ। ਕਰੇ ਭੀ ਕਿਉਂ ਨਾ, ਉਸ ਨੂੰ ਸਰਦਾ ਹੀ ਨਹੀਂ ਇਸ ਸਿਫ਼ਤ ਸਲਾਹੀ ਲਿਵਤਾਰ ਬਿਹੂਣ। ਯਥਾ— ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥

ਇਹ ਸਾਚੀ ਬੂਝ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨਾਂ ਦੀ ਗੁਰੂ ਨਾਨਕ ਸਾਹਿਬ ਦੇ ਦ੍ਰਿੜ੍ਹਾਏ ਦਰਸਾਏ ਗੁਰ-ਸ਼ਬਦ ਮੰਤਰ ਦੁਆਰਾ ਹੀ ਬੁਝੀ ਜਾਂਦੀ ਹੈ। ਇਹ ਸਾਰੀ ਗਤਿ ਕਲਿਆਣ-ਮਈ ਸਚੀ ਵਾਹਿਗੁਰੂ-ਦਰਸ਼ਨਾਂ ਦੀ ਪ੍ਰਾਪਤੀ ਵਾਲੀ ਪਤਿ-ਪ੍ਰਤਿਸ਼ਟਾ ਗੁਰ ਨਾਨਕ ਸਾਹਿਬ ਦੇ ਦਰਸਾਏ ਗੁਰ-ਸ਼ਬਦ ਮੰਤਰ ਦੁਆਰਾ ਹੀ ਪ੍ਰਾਪਤਿ ਹੁੰਦੀ ਹੈ, ਜਿਸ ਕਰਕੇ ਇਸ ਸਿਫ਼ਤ ਸਲਾਹ ਰੂਪੀ ਸਚੀ ਅਰਦਾਸ ਬੇਨਤੀ ਨੂੰ ਵਾਹਿਗੁਰੂ-ਦਰਸ਼ਨਾਂ ਨੂੰ ਪ੍ਰਾਪਤਿ ਹੋਇਆ ਹੋਇਆ, ਗੁਰ ਨਾਨਕ ਸਾਹਿਬ ਜੀ ਦਾ ਵਰੋਸਾਇਆ ਹੋਇਆ ਗੁਰਮੁਖਿ ਜਨ ਛਡ ਹੀ ਨਹੀਂ ਸਕਦਾ। ਜੈਸਾ ਕਿ ਅਗਲੀ ਗੁਰ-ਪੰਗਤੀ ਦਾ ਭਾਵ ਹੈ। ਯਥਾ—

ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥੨੭॥ [ਰਾਮਕਲੀ ਮ: ੩, ਪੰਨਾ ੯੧੦

ਏਸੇ ਇਕੋ ਸਿਫ਼ਤ ਸਲਾਹ ਮਈ ਅਰਦਾਸ ਬੇਨਤੀ ਰਟੀ ਜਾਣ ਵਿਚ ਹੀ ਗੁਰ ਨਾਨਕ ਸਾਹਿਬ ਦੇ ਦਰੋਂ ਘਰੋਂ, ਗੁਰ ਨਾਨਕ ਸਾਹਿਬ ਜੀ ਦਾ ਵਰੋਸਾਇਆ ਹੋਇਆ ਗੁਰਮੁਖਿ, ਸਿਫ਼ਤ-ਸਲਾਹੀ-ਜਨ ਜੁਟਿਆ ਹੀ ਰਹਿੰਦਾ ਹੈ। ਇਸ ਉਪਰ ਲਿਖੇ ਗੁਰਮਤਿ ਭਾਵ ਤੋਂ ਇਹ ਸਿਧ ਹੋਇਆ ਕਿ ਕੇਵਲ ਗੁਰ ਨਾਨਕ ਸਾਹਿਬ ਜੀ ਦੁਆਰਾ ਦ੍ਰਿੜ੍ਹਾਈ ਦਰਸਾਈ ਗੁਰ-ਸ਼ਬਦ ਦੀ ਅਭਿਆਸ ਕਮਾਈ ਹੀ ਫਲੀਭੂਤ ਹੁੰਦੀ ਹੈ। ਅਜਿਹੇ ਗੁਰੂ ਨਾਨਕ ਸਾਹਿਬ ਜੀ ਦੇ ਦਰੋਂ ਘਰੋਂ ਵਰੋਸਾਏ ਹੋਏ ਗੁਰਮੁਖ ਜਨ ਕਦੇ ਭੀ ਹੋਰਸ ਦ੍ਰਿਸ਼ਟਮਾਨ ਪਦਾਰਥਾਂ ਵਿਚ ਲਿਪਾਏਮਾਨ ਨਹੀਂ ਹੁੰਦੇ, ਬਲਕਿ ਇਨ੍ਹਾਂ ਦ੍ਰਿਸ਼ਟਮਾਨ ਪਦਾਰਥਾਂ ਦੀ ਲਿਪਾਏਮਾਨਤਾ ਤੋਂ ਸਦਾ ਅਪਰੰਪਰ ਰਹਿੰਦੇ ਹਨ।

ਗੁਰੂ ਨਾਨਕ ਸਾਹਿਬ ਦੀ ਨਦਰ-ਦ੍ਰਿਸ਼ਟੀ ਤੋਂ ਘੁਥੇ ਸਾਰੇ ਸੰਸਾਰੀ ਜੀਵ ਦ੍ਰਿਸ਼ਟਮਾਨ ਦੀ ਪੂਜਾ ਵਿਚ ਲਗੇ ਰਹਿੰਦੇ ਹਨ, ਜਿਸ ਤੋਂ ਕਖ ਵੀ ਪ੍ਰਾਪਤ ਨਹੀਂ ਹੁੰਦਾ। ਜਿਤਨੇ ਭੀ ਆਨਮਤੀ ਸਿਧ ਸਾਧਕ ਤਪਸੀ ਮੁਨੀ ਜੋਗੀ ਹੋਏ ਹਨ, ਸਾਰੇ ਤ੍ਰੈਗੁਣੀ ਦ੍ਰਿਸ਼ਟਮਾਨ ਮਾਇਆ ਵਿਚ ਹੀ ਭਰਮਦੇ ਰਹੇ ਹਨ। ਇਹ ਕੇਵਲ ਗੁਰੂ ਨਾਨਕ ਸਾਹਿਬ ਜੀ ਦੇ ਦਰ ਘਰ ਤੋਂ ਵਰੋਸਾਏ ਹੋਏ ਗੁਰਮੁਖਿ ਜਨ ਹੀ ਹਨ, ਜੋ ਇਸ ਤ੍ਰੈਗੁਣੀ ਦ੍ਰਿਸ਼ਟਮਾਨ ਮਾਇਆ ਮਈ ਰਹਿਤ ਰਹਿਣੀ ਤੋਂ ਨਿਰਾਲੇ ਅਤੇ ਨਿਰਾਲਮ ਹੀ ਰਹਿੰਦੇ ਹਨ, ਜੈਸੇ ਕਿ ਅਗਲੇ ਗੁਰਵਾਕ



www.AKJ.Org

ਪੰਗਤੀ ਦਾ ਭਾਵ ਹੈ—ਤ੍ਰੈਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥੧॥ [ਰਾਮਕਲੀ ਮ: ੫—੮੮੩

ਇਹ ਕੇਵਲ ਗੁਰ ਨਾਨਕ ਰੂਪੀ ਸਚੇ ਸਤਿਗੁਰੂ ਦੇ ਅੰਮ੍ਰਿਤ-ਭਰਪੁਰ-ਲੀਣੇ ਖ਼ਜ਼ਾਨੇ (ਭੰਡਾਰ) ਨੂੰ ਹੀ ਤੌਫ਼ੀਕ ਹੈ ਕਿ ਇਸ ਦੇ ਜ਼ਰੀਏ ਜਗਿਆਸੂ ਜਨ ਅਦ੍ਰਿਸ਼ਟ ਵਾਹਿਗੁਰੂ ਦੇ ਸੱਚੇ ਦਰਸ਼ਨਾਂ ਦਾ ਅਧਿਕਾਰੀ ਅਤੇ ਪੁਜਾਰੀ ਬਣਦਾ ਹੈ। ਗੁਰ ਨਾਨਕ ਸੱਚੇ ਪਾਤਸ਼ਾਹ ਦੇ ਅੰਮ੍ਰਿਤ-ਭਰਪੂਰੀ ਖ਼ਜ਼ਾਨੇ ਦੀ ਹੀ ਸਚੀ ਵਡਿਆਈ ਹੈ ਕਿ ਦ੍ਰਿਸ਼ਟਮਾਨ ਤ੍ਰੈਗੁਣੀ ਪਦਾਰਥਾਂ ਦੀ ਪੂਜਾ ਨੂੰ ਛਡ ਕੇ, ਗੁਰਮੁਖਿ ਖੋਜੀ ਜਨ ਉਸ ਅੰਮ੍ਰਿਤ ਮਈ ਸੰਪੂਰਨ ਖ਼ਜ਼ਾਨੇ ਦਾ ਮਾਲਕ ਬਣ ਜਾਂਦਾ ਹੈ, ਜੋ ਉਸ ਨੂੰ ਸੱਚੇ ਅਦ੍ਰਿਸ਼ਟ ਪ੍ਰਮਾਰਥੀ ਪਦਾਰਥ ਦਾ ਸੱਚਾ ਉਪਾਸ਼ਕ ਅਤੇ ਆਸ਼ਕ ਬਣਾ ਦੇਂਦਾ ਹੈ। ਜੈਸਾ ਕਿ ਅਗਲੀ ਗੁਰਪੰਗਤੀ ਦਾ ਭਾਵ ਹੈ। ਯਥਾ—

ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥ (ਪੰਨਾ ੮੮੩)

ਇਸ ਗੱਲ ਵਿਚ ਰੰਚਕ ਭੀ ਸੰਦੇਹ ਨਹੀਂ ਕਿ ਜੁਗੋ ਜੁਗ ਅਟੱਲ ਗੁਰੂ ਨਾਨਕ ਸਾਹਿਬ ਹੀ ਹਨ ਤੇ ਇਹੋ ਸਚੇ ਸਤਿਗੁਰੂ, ਗੁਰੂ ਨਾਨਕ ਦੇਵ ਹੀ ਸੱਚੇ ਅੰਮ੍ਰਿਤ-ਭਰਪੁਰ-ਲੀਣੇ ਜੋਤਿ ਜੜੰਨੀ ਖ਼ਜ਼ਾਨੇ ਦੇ ਮਾਲਕ ਹਨ। ਨਿਰੰਕਾਰ ਦੇ ਰਾਹੀਂ ਹੀ ਸੱਚੇ ਅਦ੍ਰਿਸ਼ਟ ਖ਼ਜ਼ਾਨੇ ਦੇ ਖੋਜੀ ਗੁਰਮੁਖਿ ਜਨ ਨੂੰ ਇਸ ਦੀ ਪ੍ਰਾਪਤੀ ਦਾ ਸੁਭਾਗ ਮਿਲਦਾ ਹੈ। ਗੁਰ ਨਾਨਕ ਸਾਹਿਬ ਜੀ ਦੇ ਪਾਏ ਪੂਰਨਿਆਂ ਉਤੇ ਚਲ ਕੇ ਜਿਸ ਗੁਰਮੁਖਿ ਜਨ ਨੂੰ ਇਸ ਸੱਚੇ ਨੌਨਿਧੀ ਖ਼ਜ਼ਾਨੇ ਦੀ ਸੱਚੀ ਮਿਲਖ ਲਭੀ ਹੈ, ਉਹ ਵਡਭਾਗਾ ਜਨ ਇਸ ਅਦ੍ਰਿਸ਼ਟ ਪਦਾਰਥ ਨੂੰ ਲਭਣ ਸਾਰ ਹੀ ਅਚਰਜ ਬਿਸਮਾਦ ਦਸ਼ਾ ਵਿਚ ਲੀਨ ਹੋ ਗਿਆ ਹੈ। ਇਸ ਅਚਰਜਤਾ ਅਤੇ ਜੋਤਿ-ਰੰਗੀ-ਬਿਸਮਾਦਤਾ ਦੀ ਮਹਿਮਾ ਕੁਝ ਵਰਨੀ ਨਹੀਂ ਜਾ ਸਕਦੀ, ਕਿਉਂਕਿ ਇਹ ਅਤਿ ਅਗੋਚਰ ਵਸਤੂ ਦੀ ਮਹਿਮਾ ਹੈ, ਜੈਸਾ ਕਿ ਹੇਠ ਲਿਖੇ ਇਸ ਅਗਲੇਰੇ ਗੁਰਵਾਕ ਪੰਗਤੇ ਦਾ ਭਾਵ ਹੈ—

ਅਚਰਜੁ ਕਿਛੁ ਕਹਣੁ ਨ ਜਾਈ ॥ ਬਸਤੁ ਅਗੋਚਰ ਭਾਈ ॥੧॥ਰਹਾਉ॥ (੪॥੪)

[ਰਾਮਕਲੀ ਮ: ੫, ਪੰਨਾ ੮੮੩

ਇਸ ਸੱਚੇ ਪ੍ਰਮਾਰਥੀ ਅਦ੍ਰਿਸ਼ਟ ਪਦਾਰਥ ਦੇ ਪਾਵਣ ਦੀ ਕੁੰਜੀ ਧੁਰ ਦਰਗਾਹੋਂ ਕੇਵਲ ਗੁਰ ਨਾਨਕ ਸਾਹਿਬ ਨੂੰ ਬਖ਼ਸ਼ੀ ਹੋਈ ਹੈ।

ਇਹ ਗੁਰਮਤਿ ਦਾ ਅਟੱਲ ਨਿਯਮ ਹੈ ਕਿ ਸਤਿਗੁਰੂ, ਸੱਚਾ ਸਤਿਗੁਰੂ, ਕੇਵਲ ਗੁਰੂ ਨਾਨਕ ਸਾਹਿਬ ਹੀ ਹੈ। ਇਸ ਸੱਚੇ ਸਤਿਗੁਰੂ ਬਾਝੋਂ ਹੋਰ ਕੋਈ ਗੁਰੂ ਨਹੀਂ। ਯਥਾ—

ਸਤਿਗੁਰ ਬਾਝਹੁ ਗੁਰੂ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥ [ਆਸਾ ਮ: ੩— ੪੩੫

ਸਤਿਗੁਰ ਨਾਨਕ ਸਾਹਿਬ ਦੇ ਘਰ ਦਰ ਤੋਂ ਹੀ ਕੇਵਲ ਗੁਰਦੀਖਿਆ ਮਈ ਗੁਰ-ਮੰਤਰ ਮਿਲਦਾ ਹੈ। ਜਿਸ ਨੂੰ ਇਹ ਗੁਰ-ਮੰਤਰ ਪ੍ਰਾਪਤ ਨਹੀਂ, ਉਹ ਨਿਗੁਰਾ ਹੈ। ਤਾਂ ਤੇ ਗੁਰਬਾਣੀ ਦੇ ਆਸ਼ੇ ਅਨੁਸਾਰ ਇਕੋ ਗੁਰੂ ਗ੍ਰੰਥ ਸਾਹਿਬ ਹੀ ਸਚੇ ਗੁਰੂ ਹਨ। ਹੋਰ ਸਭ ਕੂੜਾਵੇ ਗੁਰੂ ਬਣੇ ਫਿਰਦੇ ਹਨ ਤੇ ਨਾਮ-ਹੀਣ ਨਕਟ-ਪੰਥੀਏ ਗੁਰੂ ਹਨ। ਇਕੋ ਸਚਾ ਗੁਰੂ ਹੈ ਤਾਂ ਸਿਰਫ਼ ਗੁਰੂ ਨਾਨਕ ਸਾਹਿਬ ਹੈ, ਜਿਨ੍ਹਾਂ ਨੂੰ ਧੁਰ ਦਰਗਾਹੋਂ ਗੁਰਿਆਈ ਦਾ ਸੱਚਾ ਪਦ ਪ੍ਰਾਪਤ ਹੋਇਆ ਅਤੇ ਇਸ ਗੁਰ-ਪ੍ਰਮਾਣ ਅਨੁਸਾਰ—

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥੨॥੧੦॥ [ਸਲੋਕ ਮ: ੩, ਪੰਨਾ ੬੪੬

["ਅਦ੍ਰਿਸ਼ਟ ਵਾਹਿਗੁਰੂ ਦੇ ਪਰਪੱਤ ਦਰਸ਼ਨ" ਵਿਚੋਂ



www.AKJ.Org

# ਭਾਈ ਹੀਰਾ ਸਿੰਘ ਜੀ ਦਾਊਦਪੁਰੀ

ਇਹ ਗੁਰਮੁਖ ਪਿਆਰੇ ਸਿਰੀ ਭੈਣ ਹਰਬੰਸ ਕੌਰ ਜੀ ਦੇ ਸੱਕੇ ਚਾਚੇ ਸਨ । ਜੈਸੇ ਕਿ ਅਗੇ ਵੀ ਜ਼ਿਕਰ ਆ ਚੁਕਿਆ ਹੈ । ਮੁੱਢ ਜਨਮ ਤੋਂ ਹੀ ਇਹ ਗੁਰਮੁਖ ਸਜਣ ਸੀਲ ਸੁਭਾਵੀ ਸੰਤ ਸਰੂਪ ਸਨ । ਖੰਡੇ ਦਾ ਅੰਮ੍ਰਿਤ ਛਕਣ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ । ਭਜਨ ਅਭਿਆਸ ਵਿਚ ਐਸੇ ਅਰੂੜ੍ਹ ਹੋਏ ਕਿ ਸਾਰੀ ਸਾਰੀ ਰਾਤ ਦੋਇ ਕਰ ਜੋੜ ਗਲ ਵਿਚ ਪੱਲਾ ਪਾ ਕੇ ਅਤੇ ਇਕ ਟੰਗ ਖੜੇ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਖੰਡਕਾਰ ਬਿਰਤੀ ਵਿਚ ਸਾਵਧਾਨ ਹੋ ਕ ਅਨਿੰਨ ਅਭਿਆਸ ਕਮਾਈਆਂ ਕਰਨੀਆਂ, ਇਨ੍ਹਾਂ ਦਾ ਨਿਤ ਦਾ ਗੁਰਮਤਿ ਉਦਮੀ ਕਰਮ ਸੁਕਰਮ ਸੀ । ਅਕਾਲ ਪੁਰਖ ਦੀ ਜੋਤਿ ਪ੍ਰਕਾਸ਼ ਦੇ ਦਰਸ਼ਨਾਂ ਦਾ ਜੋ ਚਾਉ ਉਮਾਹ ਇਨ੍ਹਾਂ ਦੇ ਹਿਰਦੇ ਅੰਦਰ ਸੀ, ਉਹ ਵਿਰਲਿਆਂ ਹੀ ਅਭਿਆਸੀ ਜਨਾਂ ਦੇ ਅੰਦਰ ਦੇਖਿਆ ਪਾਖਿਆ ਗਿਆ ਹੈ । ਘੰਟਿਆਂ ਬੱਧੀ ਹੀ ਵੈਰਾਗ ਅੰਦਰ ਪ੍ਰੁਤ ਹੋ ਕੇ ਇਕਾਂਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਦੇ ਰਹਿਣਾ । ਪਾਠ ਕਰਦਿਆਂ ਅੰਤਰੀਵੀ ਜੋਦੜੀਆਂ ਜੋਤਿ ਵਿਗਾਸੀ ਦਰਸ਼ਨਾਂ ਦੀਆਂ ਹੀ ਰੋਮ ਰੋਮ ਹੁੰਦੀਆਂ ਰਹਿਣੀਆਂ । ਸਿਰੀ ਭਾਈ ਸੰਤ ਹੀਰਾ ਸਿੰਘ ਜੀ ਬੜੇ ਉਤਮ ਅਤੇ ਸ਼ੁਧ ਅਖੰਡ ਪਾਠੀ ਹੋਏ ਹਨ । ਸ਼ੁਧ ਪਾਠ ਤੇ ਅਖੰਡ ਪਾਠ ਕਰਦਿਆਂ ਹੋਇਆਂ ਨਾਲੋ ਨਾਲ ਹੀ ਅਖੰਡ ਭਜਨ ਅਭਿਆਸ ਲਗਾਤਾਰੀ ਲਿਵ ਅਭਿਆਸ ਵਿਚ ਹੀ ਹੁੰਦਿਆਂ ਰਹਿਣਾ ।

ਇਕ ਦਿਨ ਦਾ ਜ਼ਿਕਰ ਹੈ ਕਿ ਗੁਰਦੁਆਰੇ ਦੇ ਸਾਰੇ ਬੂਹੇ ਅੰਦਰੋਂ ਬੰਦ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠਦਿਆਂ ਨੂੰ ਹੀ ਉਹ ਅਗੰਮੀ ਝਰਨਾਟ ਭਜਨ-ਪਿਆਰ ਦੀ ਛਿੜੀ ਕਿ ਉਨ੍ਹਾਂ ਨੂੰ ਕੋਈ ਸੁਧ ਬੁਧ ਨਾ ਰਹੀ । ਛੇਤੀ ਹੀ ਆਪਣਾ ਆਪ ਸੰਭਾਲ ਕੇ ਗੁਪਤ ਅਰਦਾਸ ਵਿਚ ਜੁਟ ਗਏ । ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਉਤਾਰ ਕੇ ਪਾਠ ਕਰਨਾ ਹੀ ਅਰੰਭਿਆ ਸੀ ਕਿ ਇਕ-ਦਮ ਹੀ ਅੰਤਰ-ਆਤਮੇ ਜੋਤਿ ਵਿਗਾਸ ਦਾ ਉਘਾੜ ਹੋ ਗਿਆ, ਜੋ ਉਨ੍ਹਾਂ ਤੋਂ ਝਲਿਆ ਨਾ ਜਾਵੇ । ਸਾਰਾ ਸਰੀਰ ਹਲਕਾ ਫੁਲਕਾ ਅਮਿਓ ਰਸਾਇਣੀ ਉਡਣ-ਖਟੋਲਾ ਬਣ ਗਿਆ । ਅਮਿਓ ਰਸ ਰਸਾਇਣੀ ਲਿਵ ਵਿਚ ਮਗਨਾਰ ਹੋ ਕੇ ਨਾਭੀ ਵਿਚ ਸੁਾਸ ਅਭਿਆਸੀ ਖੰਡੇ ਨੂੰ ਜਦੋਂ ਦਬਾਇਆ ਤਾਂ ਦੂਜੀ ਛਿਨ ਵਿਚ ਸਹਿਜ ਸੁਭਾ ਹੀ ਤਾਬਿਆ ਵਿਚ ਬੈਠੇ ਐਸੇ ਉਛਲੇ ਕਿ ਸਰੀਰ ਸਮੇਤ ਹੀ ਗੁਰਦਵਾਰਾ ਸਾਹਿਬ ਜੀ ਦੀ ਛੱਤ ਨੂੰ ਜਾ ਲੱਗੇ । ਅਜਰ ਨੂੰ ਜਰਨ ਦੀ ਸ਼ਕਤਿ ਸੁਤੇ ਸੁਭਾਵ ਹੀ ਗੁਰਮੁਖ ਪਿਆਰੇ ਸੰਤ ਭਾਈ ਹੀਰਾ ਸਿੰਘ ਜੀ ਨੂੰ ਗੁਰੂ ਵਲੋਂ ਹੀ ਪਰਦਾਨ ਸੀ । ਬੜੀ ਸੁਚੇਤਤਾ ਸਹਿਤ ਅਜਰੁ ਸਾਵਧਾਨਤਾ ਵਾਲੀਆਂ ਅਰਦਾਸਾਂ ਬੇਨਤੀਆਂ ਵਿਚ ਲੀਨ ਹੋ ਗਏ । ਬੜੀ ਹੀ ਸਹਿਜ ਆਤਮ ਉਮਕਾਰ ਦੀ ਰਫ਼ਤਾਰ ਵਿਚ ਸਣੇ ਸਣੇ ਹੇਠਾਂ ਉਤਰ ਆਏ, ਜਿਵੇਂ ਕੋਈ ਉਡਣ-ਪੰਖੇਰੂ ਉਤਰਿਆ ਕਰਦਾ ਹੈ । ਉਤਰਨ ਸਾਰ ਹੀ ਸ੍ਰੀ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਡੰਡੌਤ ਪਰਨੇ ਲੰਮੇ ਪੈ ਗਏ । ਤਕੜਾ ਚਿਰ ਪਏ ਪਏ ਹੀ ਬੇਨਤੀਆਂ ਕਰਨ ਵਿਚ ਜੁਟੇ ਰਹੇ : "ਹੇ ਪਾਤਸ਼ਾਹ, ਇਸ ਅਜਰ ਨੂੰ ਆਪ ਹੀ ਜਰਾਈਂ ।" ਗੁਰੂ ਦੀ ਕਿਰਪਾ ਅਨੁਸਾਰ ਓਦੂੰ ਪਿਛੋਂ ਐਸਾ ਅਜਰ ਜਰਿਆ, ਕਿਸੇ ਨੂੰ ਲਖਾਇਆ ਨਹੀਂ । ਨਾਮ-ਵਿਗਾਸੀ-ਲਿਵ-ਮਗਨ-ਦਸ਼ਾ ਵਿਚ ਹੀ ਸੰਗਤਾਂ ਅੰਦਰ ਵਿਚਰਦੇ ਰਹੇ । ਅਜਿਹੇ ਰੰਗ-ਰੱਤੜੇ ਰੰਗਲੇ ਗੁਰਮੁਖ ਸੱਜਣਾਂ ਨੂੰ ਹੀ ਅੰਮ੍ਰਿਤ ਸੰਚਾਰ ਸਮੇਂ ਪੰਜਾਂ ਪਿਆਰਿਆਂ ਵਿਚ ਲਿਆ ਜਾਂਦਾ ਸੀ । ਇਹ ਇਸ ਜਥੇ ਦਾ ਸਦੀਵੀ ਬਿਰਦ ਰਿਹਾ ਹੈ ।

ਹੁਕਮ ਅੰਦਰ, ਪਿੰਡ ਦਾਊਦਪੁਰ ਜ਼ਿਲਾ ਲੁਧਿਆਣਾ ਤੋਂ "ਨਕਿ ਨਥ ਖਸਮ ਹਥ"* ਦੀ ਕਾਰ ਅਨੁਸਾਰ ਵਿਦਾ ਹੋ ਕੇ ੩੯੧ ਚੱਕ, ਜ਼ਿਲਾ ਲਾਇਲਪੁਰ ਵਿਖੇ ਵਸਨੀਕ ਹੋਏ, ਜਿਥੇ ਕਿ ਉਨ੍ਹਾਂ ਨੂੰ ਮੁਰੱਬੇ ਮਿਲੇ ਹੋਏ ਸਨ । ੩੯੧ ਚੱਕ ਅੰਦਰ ਜਾਣ ਦੀ ਦੇਰ ਹੀ ਸੀ ਕਿ ਇਸ ਗੁਰਮੁਖ ਹੌਸਲੇ ਵੀਰ ਸੰਤ ਭਾਈ ਹੀਰਾ ਸਿੰਘ ਜੀ ਦੀ ਸੰਗਤ ਦੇ ਪ੍ਰਭਾਵ ਕਰਕੇ ਅਨੇਕਾਂ ਅਧਿਕਾਰੀ ਜਨ ਜੀਵੜਿਆਂ ਦੇ ਘਟਾਂ ਅੰਦਰ ਜੋਤਿ ਜਗਮਗੀ ਦੀਵੜੇ

* ਮ: ੨, ॥੨॥੨੮॥ ਪੰਨਾ ੬੫੩



www.AKJ.Org

ਲਟ ਲਟ ਬਲ ਉੱਠੇ। ੩੬੧ ਚੱਕ ਲਗ ਪਗ ਸਾਰਾ ਹੀ ਇਸ ਲਹਿਰ ਨਾਲ ਰੁਮਕ ਉਠਿਆ। ਅੰਮ੍ਰਿਤਧਾਰੀ ਜੋਤਿ ਵਿਗਾਸੀਆਂ ਦਾ ਇਕ ਅਨੂਪਮ ਖੇੜਾ ਖਿੜ ਉਠਿਆ। ਸਾਰੇ ਗੁਰਮੁਖ ਜਨ ਖੇਤੀ ਬਾੜੀ ਦੀ ਕਾਰ ਭੀ ਕਰਨ ਅਤੇ ਨਾਮ ਅਭਿਆਸ ਦੀ ਸੱਚੀ ਕਾਰ ਵਿਚ ਭੀ ਹਮਾਤਨ ਹੋ ਕੇ ਜੁਟੇ ਰਹਿਣ। ਸਾਰਿਆਂ ਨੂੰ ਐਸਾ ਪ੍ਰਤੀਤ ਹੋਵੇ ਕਿ ਸਭ ਦੇ ਕਾਰਜ ਸਤਿਗੁਰ ਆਪ ਹੀ ਸਵਾਰ ਰਿਹਾ ਹੈ। ਇਹ ਕਦੇ ਅੱਕਣ ਥੱਕਣ ਹੀ ਨਾ। ਖੇਤੀ ਬੀਜਦੇ ਹੋਏ, ਗੁਡਦੇ ਹੋਏ, ਗੁਡਾਈ ਕਰਦੇ ਹੋਏ ਬੜੀ ਸੁਬਕਤਾ ਅਤੇ ਸੁਗਮਤਾ ਸਹਿਤ ਸਾਰੇ ਕਾਰਜ ਨਿਬਾਹੀ ਜਾਣ ਅਤੇ ਸਹਿਜੇ ਹੀ ਨਿਬਾਹੀ ਜਾਣ। ਵਢਾਈ ਕਰਦੇ ਹਨ ਤਾਂ ਪਹਿਰ ਪਹਿਰ ਕਰਦੇ ਹੀ ਰਹਿਣ, ਕੋਈ ਅਗੰਮੀ ਕਲਾ ਉਨ੍ਹਾਂ ਤੋਂ ਇਹ ਕਾਰ ਕਰਾਂਦੀ ਸੀ। ਢੁਆਈ ਕਰਦੇ ਹਨ ਤਾਂ ਸੀਸ ਦੇ ਉਪਰ ਭਰੀਆਂ ਲੈ ਕੇ ਘਰਾਂ ਨੂੰ ਇਉਂ ਉੜੇ ਜਾਂਦੇ ਹਨ, ਜਿਵੇਂ ਉਨ੍ਹਾਂ ਦੇ ਪੈਰ ਧਰਤੀ ਤੇ ਲਗਦੇ ਹੀ ਨਹੀਂ। ਕਈ ਦਾਨੇ ਬੀਨੇ ਸੱਜਣਾਂ ਨੇ ਆਪਣੇ ਅੱਖੀਂ ਵੇਖ ਕੇ ਇਹ ਸ਼ਾਹਦੀ ਦਿਤੀ ਕਿ ਭਾਰ ਦੀਆਂ ਭਰੀਆਂ ਲਈ ਜਾਂਦੇ ਇਨ੍ਹਾਂ ਗੁਰਮੁਖ ਸਿੰਘਾਂ ਦੇ, ਸਿਰਾਂ ਤੋਂ ਦੋ ਦੋ ਗਿੱਠ ਉੱਚੀਆਂ ਹੀ ਰਹਿੰਦੀਆਂ ਸਨ।

੩੬੧ ਚੱਕ ਵਿਚ ਜਥੇ ਵਲੋਂ ਕਈ ਵਾਰ ਅਖੰਡ ਪਾਠ ਸਮਾਗਮ ਹੋਏ ਅਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਏ, ਜਿਨ੍ਹਾਂ ਅੰਦਰ ਐਸੇ ਐਸੇ ਕੌਤਕ ਵਰਤੇ ਕਿ ਵਰਨਣ ਨਹੀਂ ਕੀਤੇ ਜਾ ਸਕਦੇ। ੩੬੧ ਚੱਕ ਨਿਵਾਸੀ ਸਾਰੇ ਨਾਮ ਅਭਿਆਸੀ ਗੁਰਮੁਖ ਸਿੰਘ ਅਕਸਰ ਇਕ ਮੰਡਲੀ ਵਿਚ ਹੀ ਇਕੱਤਰ ਹੋ ਕੇ ਅਭਿਆਸ ਕਰਿਆ ਕਰਦੇ ਸਨ। ਨਾਮ ਦੇ ਖੰਡੇ ਦੀਆਂ ਗੁੰਜਾਰਾਂ ਐਸੀਆਂ ਪੈਣੀਆਂ ਕਿ ਸਾਰਾ ਨਗਰ ਹੀ ਵਜਦ ਵਿਚ ਆ ਜਾਣਾ।

ਇਕ ਗੰਗਾ ਸਿੰਘ ਨਾਮੇ ਮਸਖ਼ਰਾ ਪੁਰਸ਼ ਮਸਖ਼ਰੀ ਵਜੋਂ ਇਕ ਦਿਨ ਉਸ ਅਭਿਆਸ-ਮੰਡਲ ਦੇ ਬੂਹੇ ਅਗੇ ਜਾ ਖਲੋਤਾ। ਕੀ ਵੇਖਦਾ ਹੈ ਕਿ ਦਰਜਨਾਂ ਦੀਆਂ ਦਰਜਨਾਂ ਸਿੰਘ ਅਭਿਆਸੀ ਜਨ ਮਿਲ ਕੇ ਜ਼ੋਰੋ ਜ਼ੋਰ ਅਭਿਆਸ ਕਰ ਰਹੇ ਹਨ, ਉਨ੍ਹਾਂ ਦੇ ਹੱਥਾਂ ਵਿਚ ਸਰਬ ਲੋਹ ਦੇ ਮਾਲਾ-ਸਿਮਰਨੇ ਸਸ਼ੋਭਿਤ ਹਨ। ਉਨ੍ਹਾਂ ਉਚੀ ਉਚੀ ਅਭਿਆਸ ਕਰਦਿਆਂ ਸਿੰਘਾਂ ਦੀ ਨਕਲ ਕਰਨ ਲਈ ਉਸ ਮਸਖ਼ਰੇ ਪੁਰਸ਼ ਨੇ ਸਣ ਦੀ ਸੁਬੀ (ਰੱਸੀ) ਨੂੰ ਗੰਢਾਂ ਦੇ ਕੇ ਮਾਲਾ ਬਣਾ ਲਈ, ਅਤੇ ਬੂਹੇ ਅਗੇ ਖੜਾ ਖੜੋਤਾ ਉਸ ਨਕਲੀ ਮਾਲਾ ਨੂੰ ਫੇਰਨ ਲਗਾ ਅਤੇ ਅਸਲੀ ਅਭਿਆਸੀ ਜਨਾਂ ਦੀ ਨਕਲ ਵਿਚ ਉਹ ਉਚੀ ਉਚੀ ਅਭਿਆਸ ਕਰਨ ਲਗ ਪਿਆ। ਪੰਦਰ੍ਹਾਂ ਮਿੰਟ ਹੀ ਮਸਾਂ ਇਸ ਨਕਲੀ ਰੀਸ ਨੂੰ ਕਰਦਿਆਂ ਹੋਏ ਸੀ ਕਿ ਕਰਦਾ ਕਰਦਾ ਧੜੱਮ ਦੇ ਕੇ ਧਰਤੀ ਤੇ ਜਾ ਡਿੱਗਾ। ਉਸ ਦੀਆਂ ਕਿਲਕਾਰੀਆਂ ਨਿਕਲ ਗਈਆਂ। ਜ਼ੋਰੋ ਜ਼ੋਰ ਦੁਹਾਈਆਂ ਦੇਣ ਲੱਗਾ। ਸੁਣ ਕੇ, ਸਾਰਾ ਪਿੰਡ ਇਕੱਠਾ ਹੋ ਗਿਆ। ਦੁਹਾਈਆਂ ਸੁਣ ਕੇ ਆਏ ਕਈ ਪ੍ਰਤਿਸ਼ਟੇ ਪੁਰਸ਼ਾਂ ਨੇ ਪੁਛਿਆ, "ਓ ਗੰਗਾ ਸਿੰਘਾ, ਤੈਨੂੰ ਕੀ ਹੋਇਆ ?" ਉੱਤਰ ਵਿਚ ਬਹੁੜੀਆਂ ਪਾਂ ਕੇ ਪੁਕਾਰਨ ਲਗਾ, "ਮੈਂ ਪਾਪੀ ਨੂੰ ਇਨ੍ਹਾਂ ਸਿੰਘਾਂ ਤੋਂ ਬਖ਼ਸ਼ਵਾ ਦੇਵੋ।" ਨਾਲੇ ਧਰਤੀ ਤੇ ਲੇਟੀ ਜਾਵੇ ਨਾਲੇ ਲੇਲ੍ਹੜੀਆਂ ਕਢੇ। ਅਭਿਆਸ-ਮੰਡਲੀ ਅੰਦਰਲੇ ਗੁਰਮੁਖ ਜਨਾਂ ਨੇ ਸੁਚੇਤ ਸਾਵਧਾਨ ਹੋ ਕੇ ਉਸ ਹਾਲੋਂ ਬੇਹਾਲ ਹੋਏ ਧਰਤੀ ਨਾਲ ਸਿਰ ਪਟਕਦੇ ਗੰਗਾ ਸਿੰਘ ਨੂੰ ਚੁਕਿਆ। ਓਸੇ ਦਿਨ ਹੀ ਸੰਗਤ ਅਗੇ ਪ੍ਰਾਸਚਿਤ ਪਸਚਾਤਾਪ ਕਰ ਕੇ ਗੰਗਾ ਸਿੰਘ ਨੇ ਆਪਣੇ ਬੱਜਰ ਪਾਪਾਂ ਮਈ ਭੁਲਾਂ ਬਖ਼ਸ਼ਵਾਈਆਂ, ਅਤੇ ਅੰਮ੍ਰਿਤ ਛਕ ਕੇ ਅਜਰ ਜਰਨ ਵਾਲਾ ਤਿਆਰ-ਬਰ-ਤਿਆਰ ਸਿੰਘ ਸਜ ਗਿਆ। ਇਸ ਪਿਆਰੇ ਗੰਗਾ ਸਿੰਘ ਨੇ ਪ੍ਰੇਮ-ਪੁਲਕਤਾ ਵਾਲੇ ਸਰਸ਼ਾਦ ਰਾਗ ਵਿਚ ਜ਼ਾਰੋ-ਜ਼ਤਾਰ ਰੋ ਕੇ ਖ਼ੁਦ ਅਸਾਨੂੰ ਆਪਣੀ ਨਿਜ ਬੀਤੀ ਹੱਡ-ਬੀਤੀ ਸੁਣਾਈ ਹੈ। ਬਰਸਾਂ ਬੱਧੀ ੩੬੧ ਚੱਕ ਨਾਮੇ ਨਗਰੀ ਅੰਦਰ ਇਸ ਅਨੰਦ-ਭਗਤੀ ਦੀ ਇਹ ਅਗੰਮੀ ਲਹਿਰ ਐਸੀ ਚਲੀ ਕਿ ਕਈ ਹੋਰ ਚੱਕ ਵੀ ਤਿਆਰ-ਬਰ-ਤਿਆਰ ਸਿੰਘ ਸਜ ਗਏ।

**ਦਸ਼ਾ ਦਾ ਪਲਟਾ ਖਾਣਾ—**

ਫੇਰ ਇਹ ਅਨੂਠਾ, ਪਰੰਤੂ ਉਲਟਾ ਕੌਤਕ ਵਰਤਿਆ ਕਿ ਗੁਰਮੁਖ ਪਿਆਰੇ ਸੰਤ ਸਰੂਪ ਭਾਈ ਹੀਰਾ ਸਿੰਘ ਜੀ ਨਾਮ-ਜੋਤਿ-ਜਗੰਨੀ ਕਲਾ ਵਲੋਂ ਠਰੰਮ੍ਹੇ ਪੈ ਗਏ। ਐਸੇ ਠਰੇ ਕਿ ਜੋਤਿ-ਕ੍ਰਿਸ਼ਮਣੀ ਅੰਦਰਲੇ, ਘਟ ਅੰਦਰਲੇ



www.AKJ.Org

ਚਮਤਕਾਰ ਸਾਰੇ ਹੀ ਮੱਧਮ ਪੈ ਗਏ। ਉਹ ਦੁਹਾਈਆਂ ਦੇਣ ਅਤੇ ਸੰਗਤਾਂ ਦੇ ਜੋੜਿਆਂ ਵਿਚ ਲਿਟਦੇ ਫਿਰਨ। ਇਹੋ ਪੁਕਾਰਨ ਕਿ ਅਗੰਮੀ ਠੰਢ ਅਤੇ ਘਟ ਅੰਤਰ ਜੋਤਿ ਪ੍ਰਚੰਡ ਦੀ ਕਲਾ ਵਲੋਂ ਉਹ ਉੱਕੇ ਹੀ ਸੱਖਣੇ ਹੋ ਗਏ ਹਨ। ਬਥੇਰੇ ਵਾਹ ਤਰਲੇ ਲਏ, ਅਨੇਕਾਂ ਉੱਦਮ ਕੀਤੇ, ਪਰ ਉਸ ਤਾੜੇ ਉਨ੍ਹਾਂ ਦੀ ਆਤਮ-ਬਿਰਤੀ ਨਾ ਹੀ ਆਈ, ਜਿਥੇ ਕਿ ਉਹ ਅਕਸਰ ਹਮੇਸ਼ਾ ਹੀ ਖੇਲਿਆ ਕਰਦੇ ਸਨ। ਸਾਰੀ ਸਾਰੀ ਰਾਤ ਉਦਿਆਨ ਵਿਚ ਜਾਗ ਕੇ ਖੂਹਾਂ ਦੀਆਂ ਮਣਾਂ ਉਤੇ ਇਕ ਟੰਗ ਖੜੇ ਹੋ ਕੇ ਅਭਿਆਸ ਕੀਤੇ, ਬਥੇਰੇ ਅਜਪਾ ਜਾਪ ਸਾਧੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖੜੇ ਹੋ ਕੇ ਅਨੇਕਾਂ ਹੀ ਅਠੋਤਰੀਆਂ ਪੱਕੀਆਂ ਮਾਲਾ ਫੇਰੀਆਂ, ਪਰ ਕੁਛ ਨਾ ਬਣਿਆ ਤਰਲੋ-ਮੱਛੀ ਲਗੀ ਹੀ ਰਹੀ, ਵਿਆਕੁਲਤਾ ਨਾ ਹੀ ਦੂਰ ਹੋਈ। ਕੀਰਤਨ-ਮੰਡਲਾਂ ਵਿਚ ਆਉਣ, ਪਰ ਪਾਗਲਾਂ ਵਾਂਗ ਬਾਹਰ ਖੜੇ ਰਹਿਣ। ਆਪ-ਮੁਹਾਰੇ ਸਾਰੀਆਂ ਸੰਗਤਾਂ ਦੇ ਜੋੜੇ ਝਾੜ ਝਾੜ ਕੇ ਸਰੀਰ ਤੇ ਮੁਖ ਤੇ ਮਲਣ। ਪਰੰਤੂ ਜਿਉਂ ਜਿਉਂ ਜਤਨ ਤੇ ਤਰਲੇ ਕਰਨ, ਤਿਉਂ ਤਿਉਂ ਉਨ੍ਹਾਂ ਦੀ ਤੜਫਨੀ ਵਧਦੀ ਹੀ ਜਾਏ।

ਸਿਰੀ ਭਾਈ ਹੀਰਾ ਸਿੰਘ ਜੀ ਦੀ ਇਹ ਦਸ਼ਾ ਦੇਖ ਕੇ, ਸਿਫ਼ਾਰਸ਼ੀਆਂ ਨੇ ਕਈ ਵਾਰ ਸਿਫ਼ਾਰਸ਼ਾਂ ਪਾਈਆਂ ਅਤੇ ਕੀਰਤਨ-ਰੰਗਾਂ ਵਿਚ ਬੇ-ਪ੍ਰਵਾਹ ਨਾਮ-ਰਤੜੇ ਸੰਗਤ ਵਿਚ ਜੁੜੇ ਗੁਰਮੁਖ ਜਨਾਂ ਨੇ ਇਨ੍ਹਾਂ ਸਿਫ਼ਾਰਸ਼ਾਂ ਦੀ ਪ੍ਰਵਾਹ ਹੀ ਨ ਕਰਨੀ। ਜਥੇ ਦੇ ਗੂੜ੍ਹ ਰਮਜ਼ ਪਛਾਣੂ ਪਾਰਖੂ ਜਨ ਅੰਤਰ-ਆਤਮੇ ਸਭ ਕੁਛ ਸਮਝਦੇ ਬੁਝਦੇ ਸਨ ਅਤੇ ਇਹ ਵੀ ਜਾਣਦੇ ਸਨ ਕਿ ਅਜੇ ਭਾਈ ਹੀਰਾ ਸਿੰਘ ਜੀ ਦੇ ਬਖ਼ਸ਼ੇ ਜਾਣ ਦਾ ਸਮਾਂ ਨਹੀਂ ਆਇਆ। ਓੜਕ ਭਾਣੇ ਅੰਦਰ ਜਦੋਂ ਸਮਾਂ ਆਇਆ ਤਾਂ ਅੰਮ੍ਰਿਤ-ਸੰਚਾਰ ਮੰਡਲ ਅੰਦਰ ਪੰਜਾਂ ਪਿਆਰਿਆਂ ਨੇ ਆਪ ਹੀ ਭਾਈ ਹੀਰਾ ਸਿੰਘ ਜੀ ਨੂੰ ਸੱਦ ਬੁਲਾਇਆ। ਦਾਸ ਲਿਖਾਰੀ ਓਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਸੀ ਜਦੋਂ ਭਾਈ ਹੀਰਾ ਸਿੰਘ ਜੀ ਪੰਜਾਂ ਪਿਆਰਿਆਂ ਸਾਹਮਣੇ ਪੇਸ਼ ਹੋਏ। ਪੰਜਾਂ ਪਿਆਰਿਆਂ ਦੇ ਹੁਕਮ ਅਨੁਸਾਰ ਭਾਈ ਹੀਰਾ ਸਿੰਘ ਜੀ ਨੂੰ ਅਸਲ ਹਕੀਕਤ ਵਰਨਣ ਕਰਨ ਲਈ ਪੁਛਿਆ ਗਿਆ। ਉਹ ਰੋ ਰੋ ਕੇ ਵਰਨਣ ਕਰਨ ਲਗੇ ਕਿ ਪਤਾ ਨਹੀਂ ਪਹਿਲੀ ਜੋਤਿ ਵਿਗਾਸੀ ਕਲਾ ਕਿਉਂ ਖੜ ਗਈ ਹੈ, ਆਤਮ ਵਿਗਾਸ ਮਈ ਸੁਰਤੀ-ਬਿਰਤੀ ਕਿਉਂ ਸਖਣੀ ਹੋ ਗਈ ਹੈ। ਜ਼ਾਹਿਰਾ ਤਾਂ ਮੈਥੋਂ ਕੋਈ ਐਸੀ ਅਵੱਗਿਆ ਹੋ ਗਈ ਨਹੀਂ ਜਾਪਦੀ, ਸੁਪਨ-ਸਾਰਖੀ ਵੀ ਪਤਿਤ-ਕਰਮੀ ਦੁਫੇੜਤਾ ਨਹੀਂ ਵਿਆਪੀ ਅਤੇ ਪਤਾ ਨਹੀਂ ਕੀ ਪੁਠੀ ਭੌਣੀ ਵਗ ਗਈ ਹੈ ਕਿ ਦਸ਼ਾ ਪਹਿਲੇ ਠਿਕਾਣੇ ਆਉਂਦੀ ਹੀ ਨਹੀਂ। ਲੱਖਾਂ ਕਰੋੜਾਂ ਸੰਜਮ ਉਪਾਉ ਕੀਤੇ, ਅਨੇਕਾਂ ਵੇਰਾਂ ਸੰਗਤ ਦੀਆਂ ਧੂੜੀਆਂ ਵਿਚ ਲਿਟੇ, ਪਰ ਇਹ ਪਤਾ ਨਹੀਂ ਲਗਾ ਕਿ ਕੀ ਐਸੀ ਅਵੱਗਿਆ ਹੋ ਗਈ ਹੈ ਜਿਸ ਕਾਰਨ ਕਰਕੇ ਇਹ ਬੇਮੁਖਤਾ ਵਿਆਪੀ ਹੈ।

ਸੁਤੇ-ਸੁਭਾਵ ਹੀ ਪੰਜਾਂ ਪਿਆਰਿਆਂ ਦੇ ਇਸ਼ਾਰੇ ਅਨੁਸਾਰ ਦਾਸ ਵਲੋਂ ਭਾਈ ਹੀਰਾ ਸਿੰਘ ਜੀ ਨੂੰ ਇਹ ਯਾਦ ਦਿਲਵਾਇਆ ਗਿਆ, "ਯਾਦ ਕਰੋ! ੩੬੧ ਚੱਕ ਦੇ ਆਤਮ ਜੋਤਿ ਵਿਗਾਸੀ ਕ੍ਰਿਸ਼ਮਿਆਂ ਨੂੰ! ਕੀ ਉਹ ਕ੍ਰਿਸ਼ਮੇ ਸਤਿਗੁਰੂ ਦੀ ਨਿਜ ਨਦਰ ਮੇਹਰ ਦਵਾਰਾ ਹੀ ਕ੍ਰਿਸ਼ਮਤ ਹੋਏ ਸਨ ਜਾਂ ਤੁਸੀਂ ਆਪਣੇ ਆਪ ਨੂੰ ਹੀ ਇਨ੍ਹਾਂ ਕ੍ਰਿਸ਼ਮ-ਕਲਾ ਦਾ ਮੂਲ ਕਾਰਨ ਹੀ ਸਮਝਦੇ ਹੋ? ਕੀ ਇਹ ਸੂਖਸ਼ਮ ਹੰਕਾਰ ਤਾਂ ਤੁਹਾਨੂੰ ਨਹੀਂ ਹੋ ਗਿਆ ਕਿ ਇਹ ਕ੍ਰਿਸ਼ਮ-ਕਲਾ ਖ਼ੁਦ ਆਪਣੀ ਤਾਕਤ ਨਾਲ ਵਰਤਾਈ ਸੀ?" ਇਹ ਪ੍ਰਸ਼ਨ ਸੁਣ ਕੇ ਉਹ ਠਠੰਬਰ ਗਏ, ਸਿਰ ਤੋਂ ਲੈ ਕੇ ਪੈਰਾਂ ਤਕ ਉਨ੍ਹਾਂ ਦਾ ਸਰੀਰ ਕੰਬਣ ਲਗ ਪਿਆ। ਪੈਂਦੀ ਸੱਟ ਨਾਲ ਹੀ ਦੂਜਾ ਪ੍ਰਸ਼ਨ ਭਾਈ ਹੀਰਾ ਸਿੰਘ ਤੋਂ ਪੁਛਿਆ ਗਿਆ, "ਕੀ ਤੁਸੀਂ ਖ਼ੁਦ ਹੀ ਇਕਲੇ 'ਨਾਮੁ' ਤਾਂ ਨਹੀਂ ਦੇਣ ਲਗ ਪਏ?"

ਇਹ ਸੁਣ ਕੇ ਉਨ੍ਹਾਂ ਨੂੰ ਸੁਰਤ ਆਈ ਅਤੇ ਸੁਰਤ ਵਿਚ ਆ ਕੇ ਬਿਲਲਾ ਉਠੇ, ਕਿ ਹਾਂ ਇਹ ਅਵੱਗਿਆ ਮੈਥੋਂ ਜ਼ਰੂਰ ਹੁੰਦੀ ਰਹੀ ਹੈ। ਕੁਝ ਦਿਨ ਤਾਂ ਇਹ ਕਾਰ ਚਲੀ ਤੇ ਖ਼ੂਬ ਚਲੀ, ਪਰ ਫਿਰ ਇਕ-ਦਮ ਖਲੋ ਗਈ।

ਪੰਜਾਂ ਪਿਆਰਿਆਂ ਨੇ ਉਥੇ ਹੀ ਭਾਈ ਹੀਰਾ ਸਿੰਘ ਜੀ ਨੂੰ ਥੰਮ੍ਹ ਲਿਆ ਅਤੇ ਪਕੜ ਕੇ ਖ਼ੂਬ ਹਲੂਣਿਆ

[ਬਾਕੀ ਸਫ਼ਾ ੧੫ ਦੇ ਹੇਠ]



www.AKJ.Org

# ਸੋਈ ਗੁਰਮੁਖਿ ਮੇਲਿ (੬)

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਸਿਖ-ਅਰਦਾਸ ਦੇ ਬੋਲਾਂ ਵਿਚ ਬੜੇ ਹੀ ਡੂੰਘੇ ਭਾਵ ਲੁਕੇ ਹੋਏ ਹਨ, ਜਿਨ੍ਹਾਂ ਵਲ ਸਾਡਾ ਧਿਆਨ ਜੇ ਟਿੱਕ ਜਾਏ ਤਾਂ ਬੜਾ ਅਨੰਦ ਬਝਦਾ ਹੈ। ਪਹਿਲੀ ਵਾਰ ਅਕਤੂਬਰ ੧੯੫੩ ਦੇ ਦੁਸਹਿਰੇ ਦੇ ਮੌਕੇ ਤੇ ਦਿੱਲੀ ਵਿਖੇ ਅਖੰਡ ਕੀਰਤਨ ਸਮਾਗਮ ਦੇ ਦਰਸ਼ਨ-ਮੇਲੇ ਕਰਨ ਲਈ ਦਾਸ ਕਰਨਲ ਪਿਆਰਾ ਸਿੰਘ ਜੀ ਦੇ ਸੰਗ ਦਿੱਲੀ ਪੁਜਾ। ਉਦੋਂ ਸੰਗਤਾਂ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਉਤਾਰਾ ਦਾਰ ਜੀ ਭਾਈ ਦਰਸ਼ਨ ਸਿੰਘ ਜੀ (ਜੋ ਉਸ ਸਮੇਂ ਫੂਡ-ਕਮਿਸ਼ਨਰ ਸਨ) ਦੇ ਗ੍ਰਿਹਿ ਵਿਖੇ ਹੁੰਦਾ ਸੀ।

ਅੰਮ੍ਰਿਤ ਵੇਲੇ ਕਰੀਬ ਡੇਢ ਦੋ ਵਜੇ ਸਿੰਘਾਂ ਦੇ ਇਸ਼ਨਾਨ ਅਤੇ ਨਿਤਨਮ ਦੀਆਂ ਗੂੰਜਾਂ ਪੈਣ ਲੱਗੀਆਂ। ਮੇਰੇ ਲਈ ਇਹ ਸਭ ਅਜਬ ਸੀ। ਚਾਰ ਵਜੇ ਤਕ ਸਭ ਸੰਗਤਾਂ ਸਵੇਰ ਦਾ ਨਾਸ਼ਤਾ ਲੈ ਕੇ ਸ੍ਰੀ ਸੀਸ ਗੰਜ ਸਾਹਿਬ ਲਈ ਰਵਾਨਾ ਹੋ ਗਈਆਂ। ਭਾਈ ਸਾਹਿਬ ਉਦੋਂ ਆਪ ਵਾਜੇ ਤੇ ਚਾਰ-ਚਾਰ ਪੰਜ-ਪੰਜ ਘੰਟੇ ਕੀਰਤਨ ਕਰਦੇ ਥਕਦੇ ਨਹੀਂ ਸਨ। ਹਾਲਾਂਕਿ ਉਹਨਾਂ ਦੀ ਉਮਰ ਉਸ ਸਮੇਂ ੭੪ ਸਾਲ ਦੀ ਸੀ। ਭਾਈ ਦਰਸ਼ਨ ਸਿੰਘ ਜੀ ਦਿਲਰੁਬਾਅ ਵਾਲੇ, ਭਾ: ਮਿਹਰ ਸਿੰਘ ਜੀ, ਭਾ: ਹਰਮਿੰਦਰ ਸਿੰਘ, ਸਿਧਣ ਬੀਬੀ ਮੀਰਾਂ, ਕੁਝ ਇਕ ਕੀਰਤਨੀਆਂ ਦੇ ਨਾਂ ਦਾਸ ਨੂੰ ਚੇਤੇ ਹਨ। ਭਾਈ ਸਾਹਿਬ ਵਲੋਂ ਵਡੇ ਵਡੇ ਪੋਸਟਰਾਂ ਵਿਚ ਪਿਆਰ ਨਾਲ ਕੀਰਤਨੀ ਜਥਿਆਂ ਦੇ ਨਾਮ ਪੜ੍ਹੇ–

ਬੀਬੀ ਮਹਿੰਦਰ ਕੌਰ ਦਾ ਟਕਸਾਲੀ ਜੱਥਾ, ਕਰਨਲ ਪਿਆਰਾ ਸਿੰਘ ਜੀ ਦਾ ਬਿਸਮਾਦੀ ਕੀਰਤਨ ਆਦਿ। ਕਰਨਲ ਪਿਆਰਾ ਸਿੰਘ ਜੀ ਦੇ ਸੰਗ ਸਾਥ ਰਹਿਣ ਕਰਕੇ ਜਿਹੜੇ ਜਿਹੜੇ ਸਿੰਘ ਕਰਨਲ ਸਾਹਿਬ ਨੂੰ ਜਫੀ ਵਿਚ ਲੈ ਕੇ ਮਿਲਣ, ਕਈ ਕਈ ਦੇਰ ਤਕ ਅਭਿਆਸ ਹੀ ਕਰੀ ਜਾਣ। ਅਤੇ ਜਦੋਂ ਫਤਹ ਬੁਲਾਉਂਦੇ, ਉਹਨਾਂ ਦੇ ਨੇਤਰ ਸਜੱਲ ਹੋਏ ਹੁੰਦੇ। ਮੈਂ ਪਹਿਲੀ ਵਾਰੀ ਪੁਰਾਤਨ ਸਿੰਘਾਂ ਨੂੰ ਇਉਂ ਪਿਆਰ-ਗਲਵਕੜੀਆਂ ਵਿਚ ਸਜੱਲ ਨੇਤਰੀਂ ਵੇਖ ਵੇਖ ਹੈਰਾਨ ਹੋਵਾਂ ਕਿ ਸਿੰਘਾਂ ਦਾ ਮਿਲਣਾ ਅਤੇ ਫਤਹ ਗਜਾਉਣਾ ਪ੍ਰਸਪਰ ਮੇਲ ਦਾ ਤਰੀਕਾ ਤਾਂ ਠੀਕ ਹੈ, ਪਰ ਜਿਹੜਾ ਸਿੰਘ ਕਰਨਲ ਸਾਹਿਬ ਨੂੰ ਗਲਵਕੜੀ ਪਾਉਂਦਾ ਹੈ ਉਹੀ ਵੈਰਾਗ ਵਿਚ ? ਆਖ਼ਰ ਕਿਉਂ ?

ਮੈਨੂੰ ਹੁਣ ਸਮਝ ਆਈ, ਪਰ ਆਈ ਕਈ ਚਿਰਾਂ ਪਿਛੋਂ, ਜਦੋਂ ਦਾਸ ਭੀ ਉਨ੍ਹਾਂ ਬੈਰਾਗ-ਮਈ ਲਹਿਰਾਂ ਨਾਲ ਹੁਲਾਰੇ ਲੈ ਰਿਹਾ ਹੁੰਦਾ ਹੋਵੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਖ਼ੁਦ ਐਸੀ ਚੁੰਭਕੀ ਸ਼ਖ਼ਸੀਅਤ ਸਨ ਕਿ ਉਹਨਾਂ ਦੇ ਦੁਆਲੇ ਜਿਨ੍ਹਾਂ ਸਿੰਘਾਂ ਨੇ ਆਣ ਕੇ ਕੀਰਤਨ-ਅਖਾੜਾ ਰਚਿਆ, ਉਹਨਾਂ ਸਾਰਿਆਂ ਵਿਚ ਉਹ ਚੁੰਭਕੀ-ਆਕਰਖਣ ਸੀ। ਵਿਸ਼ੇ ਤੋਂ ਦੂਰ ਨਾ ਜਾਵਾਂ, ਦਾਸ ੧੯੬੧ ਵਿਚ ਧੂਰੀ ਸੀ। ਸ੍ਰੀ ਅਖੰਡ ਪਾਠ ਅਤੇ ਰੈਣ ਸਬਾਈ ਦੀ ਸੇਵਾ ਦਾਸ ਵਲੋਂ ਹੋਈ। ਡਾ: ਵੀਰ ਸੁਰਿੰਦਰ ਸਿੰਘ ਸਾਡੇ ਗਾਈਡ ਸਨ। ਉਹਨਾਂ ਆਪ ਭੀ ਬੜੀ ਸੇਵਾ ਕੀਤੀ, ਅਤੇ ਸਾਨੂੰ ਭੀ ਗਾਈਡ ਕਰ ਕੇ ਸੇਵਾ ਕਰਵਾਉਂਦੇ ਰਹੇ। ਲੁਧਿਆਣਾ, ਅੰਬਾਲਾ ਦੀਆਂ ਸੰਗਤਾਂ ਬੇਅੰਤ ਆਈਆਂ ਹੋਈਆਂ ਸਨ।

ਭਾ: ਹਰਚਰਨ ਸਿੰਘ ਜੀ ਅੰਬਾਲਾ ਕੈਂਟ ਜਦੋਂ ਸ਼ਾਮ ਨੂੰ ਰੈਣ ਸਬਾਈ ਲਈ ਆਏ ਤੇ ਵੀਰ ਸੁਰਿੰਦਰ ਸਿੰਘ ਜੀ ਨੂੰ ਗਲਵਕੜੀ ਪਾ ਕੇ ਮਿਲੇ, ਪਤਾ ਨਹੀਂ ਕੀ ਕਲਾ ਵਰਤੀ, ਵੀਰ ਸੁਰਿੰਦਰ ਸਿੰਘ ਜੀ ਗਲਵਕੜੀ ਵਿਚ ਹੀ ਬੇਸੁਧ ਹੋ ਗਏ। ਅਗਲੀ ਸਵੇਰ ਤਕ ਉਹ ਕੀਰਤਨ-ਹਾਲ ਵਿਚ ਹੀ ਇਕ ਪਾਸੇ ਸਾਡੇ ਭਾਅ ਦੇ ਪਏ ਰਹੇ। ਪਰ ਜਦੋਂ ਅਰਦਾਸਾ ਹੋਣ ਲਗਾ, ਆਪ ਹੀ ਉਠ ਖੜ੍ਹ ਹੋਏ। ਇਸ ਨਿੱਕੀ ਜਿਹੀ ਲਾਂਭੇ ਜਾਣ ਦੀ ਘਟਨਾ ਤੋਂ ਦਾਸ ਦਾ ਭਾਵ ਹੈ ਕਿ ਨਾਮ ਜਪ ਜਪ ਕੇ ਅੰਤਰ-ਅ ਤਮੇ ਇਹਨਾਂ ਪਿਆਰ-ਗਲਵਕੜੀਆਂ ਵਿਚੋਂ ਬੜਾ ਕੁਝ ਮਿਲਦਾ ਸੀ, ਪਰ ਹੁਣ ਤਾਂ ਇਹ ਪਿਆਰ-ਗਲਵਕੜੀਆਂ ਦੀ ਅਨੂਪਮ ਖੇਡ ਹੀ ਜਿਵੇਂ ਗੁਆਚਦੀ



www.AKJ.Org

ਜਾਪਦੀ ਹੈ। ਇਨ੍ਹਾਂ ਪਿਆਰ-ਗਲਵਕੜੀਆਂ ਵਿਚੋਂ ਇਹੋ ਤੱਥ ਉਘੜਦਾ ਹੈ, ਜੋ ਸਿੰਘ ਨਿਤ ਲੋਚਦੇ ਸਨ "ਸੇਈ ਪਿਆਰੇ ਮੇਲਿ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤਿ ਆਵੈ।"

ਮੈਂ ਅਗਲੀ ਗੱਲ ਭਾਈ ਸਾਹਿਬ ਜੀ ਦੇ ਕੀਰਤਨ ਦੀ ਇਕ ਪਲਕ, ਇਕ ਝਲਕ ਦੀ ਕਰਨ ਲਗਾ ਹਾਂ। ਰਾਗੀ ਸਿੰਘਾਂ ਨੂੰ ਭੀ ਕੀਰਤਨ ਕਰਦਿਆਂ ਵੇਖਿਆ ਸੁਣਿਆ ਹੈ। ਉਹਨਾਂ ਦਾ ਬਹੁਤਾ ਜ਼ੋਰ ਸਾਜ਼ਾਂ ਦੇ ਵਜਾਉਣ, ਰਾਗਾਂ ਦੇ ਆਲਾਪ, ਅਤੇ ਆਪਣੀ ਰਾਗ-ਪ੍ਰਬੀਨਤਾ ਦੇ ਪ੍ਰਗਟਾਅ ਉਤੇ ਹੁੰਦਾ ਹੈ। ਉਹ ਆਪਣੇ ਗਲੇ ਨੂੰ ਬੜਾ ਬਚਾਅ ਬਚਾਅ ਕੇ ਵਰਤਦੇ ਹਨ। ਉਹ ਕਲਾਕਾਰ ਅਖਾਂਦੇ ਹਨ। ਪਰ ਜਿਨ੍ਹਾਂ ਧੁਰੋਂ ਆਈ ਸੇਧ ਅਨੁਸਾਰ ਕੀਰਤਨ ਕਰਨਾ ਹੁੰਦੈ ਉਹ "ਠਾਕੁਰੁ ਗਾਈਐ ਆਤਮ ਰੰਗਿ ॥"* ਉਹਨਾਂ ਨੂੰ ਨਾ ਤਾਂ ਆਪਣੇ ਗਲੇ ਦੀ ਹੀ ਪਰਵਾਹ ਹੁੰਦੀ ਹੈ ਅਤੇ ਨਾ ਹੀ ਕਲਾ ਦੇ ਪ੍ਰਗਟਾਉਣ ਵਲ ਧਿਆਨ ਹੁੰਦੈ। ਉਹਨਾਂ ਦੀ ਸੁਰਤਿ ਸਦਾ ਆਤਮ-ਰੰਗਾਂ ਆਤਮ-ਤਰੰਗਾਂ ਵਲ ਹੁੰਦੀ ਹੈ। ਕਈ ਕਈ ਘੰਟੇ ਉਚੀ ਪੰਚਮ ਸੁਰ ਵਿਚ ਕੀਰਤਨ ਕਰੀ ਜਾਣਾ, ਉਹਨਾਂ ਦੇ ਅੰਤਰ-ਆਤਮੇ ਦਾ ਅਗੰਮੀ ਵੇਗ ਹੁੰਦਾ ਹੈ। ਉਹ ਕੀਰਤਨ ਵਿਚੋਂ ਆਤਮਕ ਖ਼ੁਰਾਕ ਭੁੰਚਦੇ ਹਨ।

ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥ (੨੩੬)

ਆਮ ਰਾਗੀ ਇਸ ਭੋਜਨ-ਚੂਰੀ ਤੋਂ ਵਿਰਵੇ ਰਹਿ ਜਾਂਦੇ ਹਨ। ੧੯੫੩ ਦੇ ਅਕਤੂਬਰ ਸਮਾਗਮ ਦੀ ਗੱਲ ਚਲ ਰਹੀ ਸੀ। ਤਿਲਕ ਨਗਰ ਦੇ ਗੁਰਦੁਆਰੇ ਸਾਹਿਬ ਭਾਈ ਸਾਹਿਬ ਜੀ ਆਪ ਕੀਰਤਨ ਕਰ ਰਹੇ ਸਨ, ਚਾਨੀ ਜੀ ਜੋੜੀ ਵਜਾ ਰਹੇ ਸਨ। ਹੋਰ ਸੰਗੀ ਸਾਥੀ ਸਟੇਜ ਤੇ ਭਾਈ ਸਾਹਿਬ ਦੁਆਲੇ ਬੈਠੇ ਹੋਏ ਸਨ ਤੇ ਉਹਨਾਂ ਦੇ ਨਾਲ ਮਿਲ ਕੇ ਸ਼ਬਦ ਪੜ੍ਹ ਰਹੇ ਸਨ–

ਮੋਹਿ ਗਇਆ ਬੈਰਾਗੀ ਜੋਗੀ, ਘਟਿ ਘਟਿ ਕਿੰਗੁਰੀ ਵਾਈ ॥੯॥ (ਪੰਨਾ ੯੦੭)

ਭਾਈ ਸਾਹਿਬ ਰਸ ਭੁੰਚ ਭੁੰਚ ਕੇ ਇਉਂ ਗੂੰਜਾਂ ਪਾ ਰਹੇ ਸਨ–

'ਮੋਹਿ ਗਇਆ... ਮੋਹਿ ਗਇਆ... ਮੋਹਿ ਗਇਆ ਬੈਰਾਗੀ ਜੋਗੀ।'

ਇਕ ਛਿਨ ਲਈ 'ਮੋਹਿ ਗਇਆ' ਉਚੀ ਸੁਰ ਵਿਚ ਪੜ੍ਹਿਆ ਤੇ ਭਾਈ ਸਾਹਿਬ ਦੀ ਸੁਰਤਿ ਜੁੜ ਗਈ। ਸਿੰਘਾਂ ਨੇ ਪਹਿਲਾਂ ਭੀ ਇਹ ਨਜ਼ਾਰਾ ਵੇਖਿਆ ਹੋਣੈ, ਪਰ ਮੇਰੇ ਲਈ ਤਾਂ ਇਹ ਅਦਭੁਤ ਨਜ਼ਾਰਾ ਸੀ ਕਿ ਕੀਰਤਨ ਕਰਦਾ ਕਰਦਾ ਕੋਈ ਕੀਰਤਨ ਵਿਚ ਹੀ ਸਮਾਅ ਜਾਵੇ। ਭਾਈ ਸਾਹਿਬ ਦਾ ਵਾਜਾ ਵਜਣਾ ਬੰਦ ਹੋ ਗਿਆ। ਜੋੜੀ ਵਾਲਾ ਭੀ ਰੁੱਕ ਗਿਆ। ਖੜਤਾਲਾਂ ਭੀ ਰੁਕ ਗਈਆਂ। ਸਿੰਘ ਹੌਲੀ ਹੌਲੀ ਅਭਿਆਸ ਕਰਨ ਜੁੱਟ ਪਏ। ਕੁਝ ਮਿੰਟ ਇਹ ਸੁੰਨ-ਮੁੰਨ ਅਵਸਥਾ ਟਹੀ। ਫਿਰ ਭਾਈ ਸਾਹਿਬ ਜੀ ਰੂਹ-ਮੰਡਲ ਤੋਂ ਉਤਰੇ ਤੇ ਉਥੋਂ ਹੀ ਤੁੱਕ ਨੂੰ ਮੁੜ ਗਾਉਣਾ ਆਰੰਭ ਕੀਤਾ– "ਮੋਹਿ ਗਇਆ ਬੈਰਾਗੀ ਜੋਗੀ।"

ਇਕ ਵਾਰੀ ਫਿਰ ਉਹ ਗੂੰਜਾਂ ਪੈਣ ਲੱਗ ਪਈਆਂ। ਅੱਜ ਕਲ੍ਹ ਦੇ ਕੀਰਤਨ-ਅਖਾੜਿਆਂ ਵਿਚ ਇਹੋ ਜਿਹੀਆਂ ਚੁੰਭਕੀ ਗੱਲਾਂ, ਰੂਹ ਨੂੰ ਸ਼ਬਦ ਨਾਲ ਜੋੜ ਦੇਣ ਦੇ ਕ੍ਰਿਸ਼ਮੇ ਘਟ ਹੀ ਵਾਪਰਦੇ ਹਨ, ਹੁਣ ਤਾਂ ਕੀਰਤਨੀਏ ਜੱਥੇ ਬਹੁਤਾ ਕਰਕੇ ਆਪਣਾ ਟਾਈਮ ਪੂਰਾ ਕਰ ਕੇ ਸਾਥੀਆਂ ਸਮੇਤ ਸਟੇਜ ਤੋਂ ਉਠ ਜਾਂਦੇ ਹਨ। ਪਰ ਓਦੋਂ ਇਹ ਗੱਲ ਨਹੀਂ ਸੀ। ਸਾਰੇ ਕੀਰਤਨੀਏ ਸਟੇਜ ਤੇ ਇਕ-ਦੂਜੇ ਨਾਲ ਮਿਲ ਕੇ ਇਕੱਠੇ ਹੀ ਕੀਰਤਨ-ਧੁਨੀਆਂ ਗੂੰਜਾਉਂਦੇ ਦਿਸਦੇ ਸਨ। ਕੀਰਤਨੀਏ ਵੀਰ ਆਪੋ ਆਪਣੀ ਵਾਰੀ ਭੁਗਤਾ ਕੇ ਉਥੇ ਹੀ ਸਜੇ ਰਹਿੰਦੇ ਸਨ ਅਤੇ ਕੀਰਤਨ ਦਾ ਰਸ ਭੁੰਚਦੇ ਕਦੀ ਥਕਦੇ ਅਕਦੇ ਨਹੀਂ ਸਨ, ਉਨ੍ਹਾਂ ਨੂੰ ਕਿਤੇ ਬਾਹਰ ਜਾਣ ਦੀ ਅਭਿਲਾਖਾ ਹੀ ਨਹੀਂ ਸੀ ਹੁੰਦੀ। ਇਸੇ ਕਰਕੇ ਉਹ ਕੀਰਤਨ-ਅਖਾੜਾ ਵਧ ਤੋਂ ਵਧ ਚੜ੍ਹਦੇ ਰੰਗਾਂ ਵਿਚ ਨਾਮ-ਰਸ ਵਿਚ ਮਸਤੂਲ ਮਸਤ ਕਰੀ ਜਾਂਦਾ ਸੀ। ਕਾਸ਼ ! ਉਹ ਰੰਗ ਹੁਣ ਵੀ ਮਾਣਨ ਦੇ ਅਵਸਰ ਬਝਣ !!

ਦਾਸ ੧੯੫੩ ਵਿਚ ਬਿਲਕੁਲ ਅਨਜਾਣ ਸੀ, ਪਰ ਉਪਰੋਕਤ ਘਟਨਾ ਮੇਰੇ ਧੁਰ ਅੰਦਰ ਧੱਸ ਗਈ। ਇਸ ਘਟਨਾ ਨੇ ਮੈਨੂੰ ਇਸੇ ਸਮਾਗਮ ਤੇ ਅੰਮ੍ਰਿਤ ਛਕਣ ਲਈ ਪ੍ਰੇਰਿਆ।

* ਧਨਾਸਰੀ ਮ: ੫, ਪੰਨਾ ੬੮੦


www.AKJ.Org

# ਭਲੋ ਭਲੋ ਰੇ ਕੀਰਤਨੀਆ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿੱਲੀ-੧੯]

ਇਤਿਹਾਸ ਵਿਚ ਆਉਂਦਾ ਹੈ ਕਿ ਭਾਈ ਤਖ਼ਤੂ ਤੇ ਉਸ ਦਾ ਸਾਥੀ ਗੁਰੂ ਹਰਿਗੋਬਿੰਦ ਸਾਹਿਬ ਪਾਸ ਆਏ। ਉਨ੍ਹਾਂ ਆਖਿਆ ਕਿ ਅਸੀਂ ਕਥਾ ਵੀਚਾਰ ਤਾਂ ਰੋਜ਼ ਸੁਣਦੇ ਹਾਂ, ਪਰ ਮਨ ਨੂੰ ਧਰਵਾਸ ਨਹੀਂ ਆਉਂਦਾ। ਨਿਵਲੇ ਨਿਹਾਲੂ ਦੇ ਬਚਨ ਸੁਣ ਕੇ ਮਨ ਸਹਜੇ ਹੀ ਸੰਗਤ ਵਿਚ ਰਾਸ ਆਉਂਦਾ ਹੈ। ਦਾਸ ਇਹ ਨਿਰਣਾ ਕਰਨ ਲਈ ਹਾਜ਼ਰ ਹੋਏ ਹਨ ਕਿ ਬਾਣੀ ਤਾਂ ਅੰਮ੍ਰਿਤ ਰੂਪ ਹੈ, ਫਿਰ ਇਹ ਅੰਤਰ ਕਿਉਂ? ਛੇਵੇਂ ਪਾਤਸ਼ਾਹ ਨੇ ਉੱਤਰ ਦਿੱਤਾ ਕਿ ਜੇ ਵਕਤਾ ਵਿਚ ਤੇ ਸਰੋਤੇ ਵਿਚ ੧੪-੧੪ ਗੁਣ ਹੋਣ ਤਾਂ ਕਥਾ ਸਫਲ ਹੁੰਦੀ ਹੈ।

ਜੇ ਅਸੀਂ ਗਿਣਤੀ ਵਲ ਜ਼ਿਆਦਾ ਧਿਆਨ ਨਾ ਦਈਏ ਤਾਂ ਇਹ ਬਚਨ ਕੀਰਤਨ ਕਰਨ ਵਾਲੇ ਤੇ ਸੁਣਨ ਵਾਲੇ ਤੇ ਇੰਨ ਬਿੰਨ ਪੂਰੇ ਉੱਤਰਦੇ ਹਨ। ਨਮੂਨੇ ਦਾ ਕੀਰਤਨੀਆ ਬਣਾਉਣ ਲਈ ਹਜ਼ੂਰ ਨੇ ਹੇਠ ਲਿਖੇ ਗੁਰਵਾਕ ਰਾਹੀਂ ਅਪਾਰ ਬਖ਼ਸ਼ਸ਼ ਭਰਪੂਰ ਅਗਵਾਈ ਕੀਤੀ ਹੈ—

ਓਅੰਕਾਰਿ ਏਕ ਧੁਨਿ ਏਕੈ, ਏਕੈ ਰਾਗੁ ਅਲਾਪੈ॥
ਏਕਾ ਦੇਸੀ ਏਕੁ ਦਿਖਾਵੈ, ਏਕੋ ਰਹਿਆ ਬਿਆਪੈ॥
ਏਕਾ ਸੁਰਤਿ, ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ॥੧॥
ਭਲੋ ਭਲੋ ਰੇ ਕੀਰਤਨੀਆ॥
ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ॥੧॥ਰਹਾਉ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥
ਬਾਜਾ ਮਾਣੁ ਤਾਣੁ ਤਜਿ ਤਾਨਾ, ਪਾਉ ਨ ਬੀਗਾ ਘਾਲੈ॥
ਫੇਰੀ ਫੇਰੁ ਨ ਹੋਵੈ ਕਬਹੀ, ਏਕੁ ਸਬਦੁ ਬੰਧਿ ਪਾਲੈ॥੨॥

---

[ਸਫ਼ਾ ੧੨ ਦੀ ਬਾਕੀ]

ਕਿ ਬੜੀ ਭਾਰੀ ਤੁਸੀਂ ਅਵੱਗਿਆ ਕੀਤੀ ਹੈ। ਜੋ ਅਧਿਕਾਰ ਗੁਰੂ ਰੂਪ ਪੰਜਾਂ ਪਿਆਰਿਆਂ ਦਾ ਸੀ, ਤੁਸੀਂ ਖ਼ੁਦ ਇਕੱਲੇ ਹੀ ਉਸ ਅਧਿਕਾਰ ਨੂੰ ਵਰਤਣ ਲਗ ਪਏ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਤੁਸੀਂ ਥੋਥੇ ਰਹਿ ਗਏ ਅਤੇ ਨਾਮ ਵਲੋਂ ਉੱਕੇ ਥੋਥੇ ਪੈ ਗਏ। ਭਾਈ ਹੀਰਾ ਸਿੰਘ ਜੀ ਇਹ ਸੁਣ ਕੇ ਡਡਿਆ ਉਠੇ ਕਿ ਮੈਨੂੰ ਬਖ਼ਸ਼ ਲਵੋ, ਬਖ਼ਸ਼ ਲਵੋ!

ਪੰਜਾਂ ਪਿਆਰਿਆਂ ਨੇ ਭਾਈ ਹੀਰਾ ਸਿੰਘ ਨੂੰ ਤਕੜਾ ਡੰਡ ਲਾਇਆ ਅਤੇ ਗੁਰੂ ਪਾਸੋਂ ਬੇਨਤੀਆਂ ਦਵਾਰਾ ਬਖ਼ਸ਼ਵਾਇਆ। ਸਤਿਗੁਰੂ ਦੀਆਂ ਫਿਰ ਮੇਹਰਾਂ ਹੋਈਆਂ, ਉਹ ਤੋਰੇ ਤੁਰ ਪਏ, ਉਹ ਆਤਮ-ਹੁਲਾਰੇ ਮੁੜ ਆਉਣ ਲਗ ਪਏ। ਓਸੇ ਰੰਗ-ਚਲੂਲੀ-ਸੁਰਤੀ ਵਿਚ ਸਰਸ਼ਾਰ ਹੋ ਕੇ ਸਿਰੀ ਭਾਈ ਸੰਤ ਹੀਰਾ ਸਿੰਘ ਜੀ ਉਜਲ ਮੁਖ ਲੈ ਕੇ ਫਿਰ ਵਿਚਰਨ ਲਗੇ। ਕੁਝ ਕੁ ਨਿਮਰੀ-ਭੂਤ ਚੜ੍ਹਦੀ ਕਲਾ ਮੁੜ ਕੇ ਫਿਰ ਵਰਤ ਗਈ ਅਤੇ ਗੁਰੂ ਕੇ ਲਾਲ, ਹੀਰੇ, ਸਿਰੀ ਭਾਈ ਹੀਰਾ ਸਿੰਘ ਜੀ ਫਿਰ ਨਿਹਾਲੋ ਨਿਹਾਲ ਹੋ ਗਏ।

ਓੜਕ ਸਾਡੀ ਜੇਲ੍ਹ-ਯਾਤਰਾ ਦੇ ਦਿਨ ਆ ਗਏ। ਸਿਰੀ ਭਾਈ ਹੀਰਾ ਸਿੰਘ ਜੀ ਮੁਹਰਲੇ ਮੋਰਚੇ ਵਿਚ ਜਥੇ ਨਾਲ ਜਾਣ ਨੂੰ ਤਤਪਰ ਸਨ, ਪਰ ਭਾਣੇ ਅਨੁਸਾਰ ਵਰਜੇ ਵਰਜਾਏ ਰਹਿ ਗਏ। ਜੇਲ੍ਹ-ਯਾਤਰਾ ਤੋਂ ਵਾਪਸ ਆਉਂਦਿਆਂ ਨੂੰ, ਅੰਦਰੋਂ ਆਏ ਜਥੇ ਨੂੰ ਮਿਲਣ ਦੀਆਂ ਤਿਆਰੀਆਂ ਕਰਨ ਹੀ ਲਗੇ ਸਨ ਕਿ ਇਕ-ਦਮ ਕਾਲ-ਨਗਾਰਾ ਉਨ੍ਹਾਂ ਦੇ ਸਿਰ ਤੇ ਵੱਜਿਆ। ਆਨਨ ਫ਼ਾਨਨ ਹੀ ਅਕਾਲ ਚਲਾਣਾ ਕਰ ਗਏ, ਤੇ ਸਾਨੂੰ ਬ੍ਰਿਹੀ ਵੀਰਾਂ ਨੂੰ ਮੁੜ ਕੇ ਮਿਲਣੇ ਨਾ ਪਾਏ। ਹੁਣ ਅੱਗੇ ਧੁਰ ਦਰਗਾਹੀਂ ਮੇਲੇ ਹੋਣਗੇ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ "ਰੰਗਲੇ ਸੱਜਣ" ਪੁਸਤਕ ਵਿਚੋਂ


www.AKJ.Org

ਨਾਰਦੀ ਨਰਹਰ ਜਾਣਿ ਹਦੂਰੇ ॥ ਘੂੰਘਰ ਖੜਕੁ ਤਿਆਗਿ ਵਿਸੂਰੇ ॥
ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥
ਜੇ ਕੋ ਅਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥
ਸਾਧ ਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨੁ ਏਕ ॥੪॥੮॥

[ਰਾਮਕਲੀ ਮ: ੫, ਪੰਨਾ ੮੮੫

ਹੁਕਮਨ ਸਿਰ ਹੁਕਮ ਹੈ ਉਸਤਤਿ ਕਰਨ ਦਾ, ਗੁਣ ਗਾਉਣ ਦਾ, ਸਗਲ ਭਵਨ ਵਿਚ ਰਮੇ ਰਾਮ ਦਾ, ਨਿਰਗੁਣ ਰਾਮ ਦਾ, ਓਅੰਕਾਰ ਦਾ। ਗੁਰਦੇਵ ਜੀ ਨੇ ਸਾਨੂੰ ਰੱਬੀ ਗੁਣਾਂ ਦਾ ਖ਼ਜ਼ਾਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਖਸ਼ਿਆ ਹੈ, ਇਹ ਸੱਚੀ ਬਾਣੀ ਦਾ ਭੰਡਾਰ ਹੈ। ਪੂਰਨ ਗੁਰਸਿੱਖ ਨੂੰ ਕੱਚੀ ਬਾਣੀ ਆਕਰਖਤ ਨਹੀਂ ਕਰਦੀ। ਉਸ ਨੂੰ ਸੋਝੀ ਹੈ ਕਿ ਗੁਰ ਅਕਾਲ ਪੁਰਖ ਦੀ ਵਡਿਆਈ ਨਾਲ ਅਕਾਲੀ ਗੁਣ ਤੇ ਦੇਹਧਾਰੀ ਗੁਰੂ ਦੀ ਵਡਿਆਈ ਨਾਲ ਖ਼ਾਕੀ ਗੁਣ ਹਿਰਦੇ ਵਿਚ ਟਿਕਦੇ ਹਨ। ਅਨੰਦ ਸਾਹਿਬ ਦਾ ਪਾਠ ਸਾਨੂੰ ਹਰ ਰੋਜ਼ ਦ੍ਰਿੜ ਕਰਾਉਂਦਾ ਹੈ–

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥੨੩॥ (ਪੰਨਾ ੯੨੦)

ਬਾਕੀ ਹੋਰ ਬਾਣੀ ਕੱਚੀ ਹੈ, ਜਿਸ ਨੂੰ ਕਹਿਣ ਵਾਲੇ, ਸੁਣਨ ਵਾਲੇ, ਤੇ ਸੁਣਾਉਣ ਵਾਲੇ ਸਭ ਕੱਚੇ ਹਨ। ਇਸ ਤੇ ਅਮਲ ਕਰਨਾ ਕੀਰਤਨੀਏ ਦਾ ਪ੍ਰਮੁੱਖ ਗੁਣ ਹੈ, ਧਰਮ ਹੈ।

ਲਗਾਂ ਮਾਤ੍ਰਾਂ ਦੇ ਗਿਆਨ ਬਿਨਾਂ ਗੁਰਬਾਣੀ ਦਾ ਸ਼ੁੱਧ ਰੂਪ ਵਿਚ ਉਚਾਰਣ ਕਰਨਾ ਅਸੰਭਵ ਹੈ। ਸਿਹਾਰੀ, ਬਿਹਾਰੀ, ਲਾਵਾਂ, ਦੁਲਾਵਾਂ ਦੀ ਯੋਗ ਵਰਤੋਂ ਨਾ ਕਰਨਾ ਲਾਪਰਵਾਹੀ ਦਾ ਸਿੱਟਾ ਹੈ। ਕਲਗੀਧਰ ਪਾਤਸ਼ਾਹ ਦੀ ਹਜ਼ੂਰੀ ਵਿਚ "ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥ (੯੩੦)" ਦਾ ਪਾਠ ਕਰਦਿਆਂ ਕੈ (ਜਾਂ) ਦੀ ਜਗਹ 'ਕੇ' (ਕੀ) ਪੜ੍ਹ ਕੇ ਇਕ ਸਿੱਖ ਨੇ ਗੁਰਬਾਣੀ ਦਾ ਕਿੰਨਾ ਨਿਰਾਦਰ ਕੀਤਾ ਸੀ? ਗੁਰਦੇਵ ਜੀ ਨੇ ਉਸ ਨੂੰ ਸਜ਼ਾ ਵੀ ਦਿੱਤੀ ਤੇ ਜ਼ਬਰਦਸਤ ਤਾੜਨਾ ਵੀ ਕੀਤੀ।

ਮੁੱਖ ਵਾਕ ਦਾ ਉਚਾਰਨ ਕਰਨ ਤੋਂ ਪਹਿਲਾਂ "ਸੁਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥ ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥ (੧੩੯੨)" ਦਾ ਅਲਾਪ ਕਰਦਿਆਂ ਬਹੁਤ ਗ੍ਰੰਥੀ ਜਾਂ ਕੀਰਤਨੀਏ 'ਪਰਸਿਐ' ਦੇ ਥਾਂ 'ਪਰਸੀਐ' ਪੜ੍ਹਦੇ ਦੇਖੇ ਗਏ ਹਨ।

ਆਸਾ ਦੀ ਵਾਰ ਦਾ ਕੀਰਤਨ ਕਰਦਿਆਂ "ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥" ਦਾ ਗਾਇਨ ਕਰਦਿਆਂ 'ਬੋਲੀਐ' ਪੜ੍ਹਨਾ ਗਲਤੀ ਜਾਂ ਭੁੱਲ ਨਹੀਂ, ਸਗੋਂ ਗੁਸਤਾਖੀ ਹੈ, ਜਿਸ ਨੂੰ ਸੁਣ ਕੇ ਕਈ ਗੁਰਮੁਖਾਂ ਦਾ ਹਿਰਦਾ ਵਿਲੂੰਦਰਿਆ ਜਾਂਦਾ ਹੋਵੇਗਾ।

ਕੀਰਤਨੀਏ ਦਾ ਮੁੱਖ ਕਰਤੱਵ ਹੈ ਕਿ ਸ਼ਬਦ ਦੇ ਭਾਵ ਨੂੰ ਸਮਝ ਕੇ ਬਾਣੀ ਸ਼ੁਧ ਰੂਪ ਵਿਚ ਗਾਵੇ। ਬਿਸਰਾਮ ਜਾਂ ਅਰਧ-ਬਿਸਰਾਮ ਨੂੰ ਸਮਝੇ ਬਿਨਾਂ ਪਤਾ ਨਹੀਂ ਚੱਲਦਾ ਕਿ ਕਿੱਥੇ ਘੱਟ ਰੁਕਣਾ ਹੈ ਤੇ ਕਿੱਥੇ ਅਧਿਕ ਰੁਕਣਾ ਹੈ। ਜੇ ਕਿਤੇ ਕੋਈ ਪਰਮਾਣ ਦੇਣ ਦੀ ਲੋੜ ਹੋਵੇ ਤਾਂ ਉਹ ਸ਼ਬਦ ਦੇ ਭਾਵਾਂ, ਵਿਚਾਰਾਂ ਨਾਲ ਮੇਲ ਖਾਂਦਾ ਹੋਵੇ। ਸਰਲ ਤੇ ਢੁੱਕਵੇਂ ਪਰਮਾਣ ਹੀ ਵਿਚਾਰਧਾਰਾ ਦੀ ਇਕਸੁਰਤਾ ਨੂੰ ਦਰਸਾਉਂਦੇ ਹਨ, ਅਤੇ ਅਰਥ-ਭਾਵ ਸਮਝਣ ਵਿਚ ਸਹਾਈ ਹੁੰਦੇ ਹਨ।

ਕੀਰਤਨੀਆ ਮਾਇਆ ਦੇ ਧੰਧਿਆਂ ਤੋਂ ਨਿਰਲੇਪ ਹੋਵੇ। ਗੁਰਦੁਆਰਿਆਂ ਵਿਚ ਸੇਵਾ ਕਰਦੇ ਹਜ਼ੂਰੀ ਰਾਗੀ ਜਾਂ ਪੇਸ਼ਾਵਰ ਕੀਰਤਨੀਏ, ਜਿਨ੍ਹਾਂ ਦਾ ਹੋਰ ਕੋਈ ਉਦਰਪੂਰਤੀ ਦਾ ਸਾਧਨ ਨਹੀਂ ਹੈ, ਜੇ ਬੇਲੋੜਾ ਲਾਲਚ, ਤਮ੍ਹਾ ਤਿਆਗ ਸਕਣ ਤਾਂ ਇਸ ਤੋਂ ਵੱਧ ਹੋਰ ਕਿਹੜਾ ਪਵਿੱਤਰ ਕਰਮ ਹੈ? ਪਰ ਮਾਇਆ ਨਾਗਣੀ ਦੇ ਡੰਗ ਤੋਂ ਕੋਈ ਵਿਰਲਾ ਬਚਦਾ ਹੈ। ਸੱਤਾ ਤੇ ਬਲਵੰਡ ਗੁਰੂ ਦਰਬਾਰ ਦੇ ਸ਼੍ਰੋਮਣੀ ਕੀਰਤਨੀਏ ਲਾਲਚ-ਅਧੀਨ ਹੋ ਕੇ ਕੁਬਚਨ ਬੋਲਣੋਂ ਵੀ ਸੰਕੋਚ ਨਾ ਕਰ ਸਕੇ। ਫਲ-ਸਰੂਪ ਉਨ੍ਹਾਂ ਨੇ ਸਰੀਰਕ ਦੁਖ ਕਸ਼ਟ ਭੀ ਝੱਲੇ ਤੇ


www.AKJ.Org

ਪਰਉਪਕਾਰੀ ਭਾਈ ਲੱਧਾ ਜੀ ਰਾਹੀਂ ਖਿਮਾਂ ਭੀ ਮੰਗੀ । ਲੋਭ-ਲਹਿਰ ਵਿਚ ਰੁੜ੍ਹ ਕੇ ਸਤਿਗੁਰੂ ਦੇ ਦਿੱਤੇ ਦਾਨ ਨੂੰ ਅਪ੍ਰਵਾਨ ਕਰਨ ਦਾ ਸੰਕੇਤ ਉਨ੍ਹਾਂ ਨੇ ਆਪ ਹੀ ਆਪਣੀ ਲਿਖਤ ਵਿਚ ਦਿੱਤਾ ਹੈ—

ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ ॥੬॥ (ਸਤੇ ਵਲਵੰਡ ਦੀ ਵਾਰ, ਪਨਾ ੯੬੮)

ਕਈ ਰਾਗੀਆਂ ਨੇ ਇਹ ਧਾਰਨਾ ਬਣਾ ਲਈ ਹੈ ਕਿ ਕੀਰਤਨ ਦੀ ਅਧਿਕ ਭੇਟਾ ਲੈਣੀ ਉਨ੍ਹਾਂ ਦੇ ਸ਼ੋਮਣੀ ਕੀਰਤਨੀਏ ਹੋਣ ਦਾ ਸਬੂਤ ਹੈ । ਇਉਂ ਝੂਠੇ ਸ੍ਵੈਮਾਣ ਖ਼ਾਤਰ ਆਪਣਾ ਆਦਰਸ਼ ਕੁਰਬਾਨ ਕਰਨਾ ਤੇ ਕੀਰਤਨ ਜੈਸੇ ਨਿਰਮੋਲਕ ਹੀਰੇ ਦਾ ਮੁੱਲ ਕੌਡਾਂ ਨਾਲ ਪੁਆਉਣਾ ਮੰਨੇ-ਪ੍ਰਮੰਨੇ ਕੀਰਤਨੀਆਂ ਨੂੰ ਸ਼ੋਭਦਾ ਨਹੀਂ । ਕੀਰਤਨ ਨੂੰ ਖ਼ਰੀਦੋ-ਫ਼ਰੋਖ਼ਤ ਦੇ ਵਾਪਾਰ ਤੋਂ ਬੇਲਾਗ ਰੱਖਣਾ ਹੀ ਇਸ ਦਾ ਸਤਿਕਾਰ ਹੈ ।

ਕੀਰਤਨ-ਭੇਟਾ ਦੀ ਅਰਦਾਸ ਤਮ੍ਹਾ ਨੂੰ ਪੱਠੇ ਪਾਉਣ ਬਰਾਬਰ ਹੈ । ਤੁੱਛ ਮਾਇਆ ਦੀ ਸੇਵਾ ਬਦਲੇ ਵਡਿਆਈ ਦੇ ਭੁੱਖੇ ਕੁਝ ਸਰੋਤੇ ਆਪਣਾ ਨਾਮ ਸੁਣ ਕੇ ਪ੍ਰਸੰਨ ਹੁੰਦੇ ਹਨ । ਇਸ ਕਮਜ਼ੋਰੀ ਦਾ ਫ਼ਾਇਦਾ ਉਠਾਣ ਲਈ ਕੀਰਤਨੀਏ ਜ਼ਿਆਦਾ ਮਾਇਆ ਪ੍ਰਾਪਤ ਕਰਨ ਵਿਚ ਸਫਲ ਹੋਣਾ ਲੋੜਦੇ ਹਨ, ਪਰ ਹੁਣ ਇਹ ਕੁਢੰਗੀ ਚਾਲ ਘਟਦੀ ਜਾ ਰਹੀ ਪ੍ਰਤੀਤ ਹੁੰਦੀ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਇਆ ਵਿਚ ਸੁਰਤੀ ਰੱਖਣੀ ਇਕਾਗਰਤਾ ਲਈ ਵਿਘਨਕਾਰੀ ਹੈ ।

ਆਦਰਸ਼ਕ ਰਾਗੀ ਜਥਾ ਸਮੇਂ ਦੀ ਪਾਬੰਦੀ ਦਾ ਕਦਰਦਾਨ ਹੈ । ਸਮੇਂ ਸਿਰ ਨਾ ਪੁੱਜਣ ਦੇ ਕਈ ਕਾਰਨ ਹੋ ਸਕਦੇ ਹਨ, ਪਰ ਜ਼ਿਆਦਾ ਪ੍ਰੋਗਰਾਮ ਹੱਥ ਵਿਚ ਲੈਣ ਕਰਕੇ ਜਦ ਦੇਰੀ ਹੁੰਦੀ ਹੈ, ਤਾਂ ਉਹ ਸੰਗਤ ਦੀ ਨਜ਼ਰ ਤੋਂ ਗਿਰ ਜਾਂਦਾ ਹੈ । ਲੋਭ-ਅਧੀਨ ਜਾਂ ਨੇੜਤਾ ਦੇ ਸੰਬੰਧ ਨੂੰ ਮੁੱਖ ਰੱਖਦਿਆਂ ਆਪਣੇ ਬਚਨ ਤੋਂ ਖਿਸਕ ਜਾਣ ਵਾਲੇ ਨੂੰ ਕੱਚਾ ਨਰ ਕਿਹਾ ਗਿਆ ਹੈ—

ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥
ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥
ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥ ॥੧੫॥ (ਵਾਰ ਮਾਰੂ ਡਖਣੇ ਮ: ੫, ਪੰ: ੧੦੯੯)

ਗੁਰਮਤਿ ਆਸ਼ੇ ਨੂੰ ਮੁੱਖ ਰੱਖਦਿਆਂ ਸੁੰਦਰ ਗੁਰਮੁਖੀ ਪਹਿਰਾਵੇ ਦੀ ਆਪਣੀ ਨਵੇਕਲੀ ਭੂਮਿਕਾ ਹੈ । ਸਫ਼ੈਦ ਜਾਂ ਹਲਕੇ ਰੰਗ ਦਾ ਦੇਸੀ ਪਹਿਰਾਵਾ ਕੁੜਤਾ ਪਜਾਮਾ ਆਦਿਕ ਬਜ਼ੁਰਗੀ, ਸਾਦਗੀ, ਚੰਚਲ-ਹੀਨ ਅਵਸਥਾ ਦੀ ਝਲਕ ਦਿਖਾਉਂਦਾ ਹੈ । ਨਮੂਨੇ ਦਾ ਕੀਰਤਨੀਆ ਧਰਮ ਵਿਚ ਪ੍ਰਪੱਕ, ਸੱਤਵਾਦੀ, ਉੱਚੇ ਜੀਵਨ ਵਾਲਾ, ਤਨ ਮਨ ਦਾ ਸੁੱਚਾ, ਆਜਿਜ਼ ਨਿਮਾਣਾ ਤੇ ਵਿਦਵਤਾ ਭਰਪੂਰ ਹੁੰਦਾ ਹੈ । ਗੁਰਬਾਣੀ ਦਾ ਕੀਰਤਨ ਆਪਣੇ ਆਪ ਵਿਚ ਹੀ ਅੰਮ੍ਰਿਤ ਵਰਖਾ ਹੈ, ਪਰ ਇਸ ਦੇ ਨਾਲ ਉੱਚੇ ਆਚਰਣ ਤੋਂ ਸੰਗਤ ਵਿਚ ਸਨਮਾਨ ਰੱਖਣ ਵਾਲੇ ਗੁਰਸਿੱਖ ਕੀਰਤਨੀਏ ਦੇ ਪ੍ਰਭਾਵ ਨੂੰ ਵੀ ਸਰੋਤੇ ਕਬੂਲਦੇ ਹਨ ।

ਗੁਰੂ ਘਰ ਵਿਚ ਸ਼ਰਧਾ, ਵਿਸ਼ਵਾਸ ਰੱਖਣ ਵਾਲੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਨ ਸਤਿਕਾਰ ਰੱਖਣ ਵਾਲੇ ਰਾਗੀ ਨੂੰ ਸੱਦਾ ਦੇਣਾ ਚਾਹੀਦਾ ਹੈ । ਭੱਖ ਅਭੱਖ ਖਾਣ ਵਾਲਾ, ਜਾਂ ਗ਼ੈਰ ਸਿਖ ਕੀਰਤਨੀਆ, ਸੱਚੇ ਗੁਰਦੇਵ ਜੀ ਨੂੰ, ਜੋ ਆਪ ਸਤਿਕਾਰ ਨਾਲ ਮੱਥਾ ਨਹੀਂ ਟੇਕਦਾ ਉਹ ਭਉ-ਭਾਵਨੀ ਦਾ ਜਜ਼ਬਾ ਕਿਵੇਂ ਉਤਪੰਨ ਕਰੇਗਾ ? ਸ਼ਰਧਾ, ਸਿਦਕ, ਭਰੋਸਾ ਤੇ ਬੇਗਰਜ਼ ਪਿਆਰ ਕੀਰਤਨ ਅਖਾੜੇ ਨੂੰ ਬੈਕੁੰਠ ਧਾਮ ਬਣਾ ਦਿੰਦੇ ਹਨ ।

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥੨॥੫੫। (ਸੂਹੀ ਮ: ੫—੭੪੯)

ਉੱਤਮ ਸ਼੍ਰੇਣੀ ਦਾ ਰਾਗੀ ਗੁਰਬਾਣੀ ਸੁਣਾਉਣ ਵਾਲਾ ਰਿਕਾਰਡਰ ਨਹੀਂ, ਬਲਕਿ ਉਹ ਜੀਉਂਦਾ ਜਾਗਦਾ, ਮੌਕੇ ਅਨੁਸਾਰ ਢੁੱਕਵੇਂ ਸ਼ਬਦਾਂ ਨੂੰ ਮੁਖ ਰਖਣ ਵਾਲਾ, ਸੰਗਤ ਦੀ ਬਿਰਤੀ ਨੂੰ ਸਮਝ ਕੇ ਚੱਲਣ ਵਾਲਾ, ਗੁਰਮਤਿ ਧਾਰਨ ਕਰਨ ਵਾਲਾ ਤੇ ਦ੍ਰਿੜ੍ਹਾਉਣ ਵਾਲਾ ਪਰਚਾਰਕ ਹੈ । ਵਾਸਤਵ ਵਿਚ ਉਪਦੇਸ਼ਕ ਵੀ ਹੈ ਤੇ ਆਮਲ ਵੀ । ਜੋ ਸਿੱਖਿਆ ਦ੍ਰਿੜ੍ਹਾਉਂਦਾ ਹੈ, ਉਸ ਨੂੰ ਆਪ ਵੀ ਗ੍ਰਹਿਣ ਕਰਦਾ ਹੈ । ਗਿਆਨ ਗੋਸਟਿ


www.AKJ.org

ਦਾ ਆਪਣਾ ਸੀਮਤ ਅਨੁਥਾਨ ਹੈ। ਗਾਵਿਆ ਸੁਣਿਆ ਉਸੇ ਦਾ ਥਾਂ ਪੈਂਦਾ ਹੈ ਜਿਸ ਨੇ ਸਤਿਗੁਰੂ ਦੀ ਆਗਿਆ ਨੂੰ ਸੱਤ ਮੰਨ ਕੇ ਕਥਨੀ ਤੇ ਕਰਣੀ ਦੀ ਵਿੱਥ ਮਿਟਾਈ ਹੈ। ਹਜ਼ੂਰ ਦਾ ਹੁਕਮ ਹੈ—

ਪ੍ਰਥਮੇ ਮਨੁ ਪਰਬੋਧੈ ਅਪਨਾ, ਪਾਛੈ ਅਵਰ ਰੀਝਾਵੈ ॥
ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥੪੩॥ (ਆਸਾ ਮ: ੫—੩੮੧)

ਦੂਸਰੇ ਨੂੰ ਰਿਝਾਉਣ ਤੋਂ ਪਹਿਲਾਂ ਆਪਣੇ ਮਨ ਨੂੰ ਗਿਆਨਵਾਨ ਬਣਾਉਣਾ ਕਿਉਂ ਜ਼ਰੂਰੀ ਹੈ? ਆਦਰਸ਼ਕ ਗੁਰਸਿੱਖ ਦੈਵੀ ਗੁਣ ਵੰਡਦਾ ਹੈ, ਪਰਉਪਕਾਰ ਹਿੱਤ ਤੇ ਗੁਰਸਿੱਖੀ ਦੇ ਪਰਚਾਰ ਲਈ। ਉਹ ਦੈਵੀ ਗੁਣ ਧਾਰਨ ਕਰਦਾ ਹੈ, ਆਪਣੇ ਕਲਿਆਣ ਲਈ ਜਾਂ ਆਪਾ ਸੁਆਰਨ ਲਈ। ਸਤਿਗੁਰੂ ਜੀ ਉਸ ਸਿੱਖ ਤੋਂ ਬਲਿਹਾਰ ਜਾਂਦੇ ਹਨ ਜਿਹੜਾ ਆਪ ਨਿਰਮਲ ਹੈ, ਤੇ ਦੂਸਰਿਆਂ ਨੂੰ ਨਿਰਮਲ ਕਰਦਾ ਹੈ, ਆਪ ਜਪਦਾ ਹੈ ਤੇ ਦੂਸਰਿਆਂ ਨੂੰ ਜਪਾਉਂਦਾ ਹੈ। ਸਤਿਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰਨ ਦਾ ਪ੍ਰਮੁਖ ਸਾਧਨ ਅੰਦਰਹੁ ਬਾਹਰਹੁ ਹੰਸ-ਬਿਰਤੀ ਰੱਖਣੀ, ਰਸਨਾ ਤੇ ਰਿਦਾ, ਦੋਨਾਂ ਨੂੰ ਪਾਕ ਪਵਿੱਤਰ ਰੱਖਣਾ, ਮਨ ਵਿਚ ਤੇ ਮੁੱਖ ਵਿਚ ਨਾਮ ਵਸਾਉਣਾ ਹੈ।

ਲੋਕ-ਦਿਖਾਵਾ, ਕਪਟ, ਪਖੰਡ, ਦਵੈਤ ਭਾਵਨਾ, ਭੇਖ, ਕਠੋਰਤਾ ਤੇ ਸਹਸ ਸਿਆਣਪ ਜਿਹੇ ਅਉਗੁਣਾਂ ਵਿਚ ਗ੍ਰਸਿਆ ਜੀਵ ਅਕਾਲ ਪੁਰਖ ਦੀ ਕੀਰਤੀ ਕਰੇ ਵੀ ਤਾਂ ਰਾਮ ਇਆਣਾ ਨਹੀਂ, ਆਪਣੀ ਉਪਮਾ ਦਾ ਮੁਹਤਾਜ ਨਹੀਂ, ਵਡਿਆਈ ਦਾ ਭੁੱਖਾ ਨਹੀਂ, ਜੋ ਸੁਣ ਕੇ ਤ੍ਰੁੱਠ ਪਵੇਗਾ। ਪਾਵਨ ਉਪਦੇਸ਼ ਹੈ—

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ, ਹਰਿ ਭਗਤਿ ਹਰਿ ਲੀਜੈ ॥੪॥੧੮॥
(ਆਸਾ ਮ: ੪—੪੫੦)

'ਰਾਗ' ਕੀਰਤਨ ਦਾ ਅਨਿੱਖੜਵਾਂ ਅੰਗ ਹੈ। ਮਨ ਉੱਤੇ ਇਸ ਦਾ ਆਪਣਾ ਵੱਖਰਾ ਪ੍ਰਭਾਵ ਪੈਂਦਾ ਹੈ। ਮਨ ਨੂੰ ਨਿਰਮਲ ਤੇ ਬਲਵਾਨ ਰੱਖਣ ਲਈ, ਉਸ ਰਾਗ ਦੀ ਵਰਤੋਂ ਪਰਵਾਨ ਹੈ ਜਿਹੜਾ ਚੰਚਲਤਾ ਉਤਪੰਨ ਨ ਕਰੇ, ਮਨ ਨੂੰ ਵਿਸ਼ੇ ਵਿਕਾਰਾਂ ਵਲ ਉਤੇਜਤ ਨ ਕਰੇ ਤੇ ਇਕਾਗਰਤਾ ਪਰਦਾਨ ਕਰੇ। ਫਿਰ ਵੀ ਰਾਗ ਸਹਾਇਕ ਹੈ, ਨਿਸ਼ਾਨਾ ਨਹੀਂ। ਭਾਵੇਂ ਬਾਣੀ ਵਿਚ ਲੀਨਤਾ ਲਈ ਉੱਤਮ ਸਾਧਨ ਹੈ, ਪਰ ਪ੍ਰਾਥਮਿਕਤਾ ਗੁਰਬਾਣੀ ਨੂੰ ਦੇਣੀ ਹੈ, ਰਾਗ ਨੂੰ ਨਹੀਂ। ਰਾਗ ਨੂੰ ਗੁਰਬਾਣੀ ਉੱਤੇ ਹਾਵੀ ਨਹੀਂ ਹੋਣ ਦੇਣਾ, ਇਹ ਕੀਰਤਨੀਏ ਨੇ ਧਿਆਨ ਵਿਚ ਰੱਖਣਾ ਹੈ। ਧੰਨ ਹਨ ਉਹ ਰਾਗੀ, ਧੰਨ ਹਨ ਉਹ ਰਾਗ ਜਿਨ੍ਹਾਂ ਦੇ ਗਾਵਣ ਨਾਲ ਮਨ ਦੀ ਭਟਕਣ ਤੇ ਤ੍ਰਿਸ਼ਨਾ ਨੂੰ ਬੰਨ੍ਹਾ ਲਗਦਾ ਹੈ। ਪਾਵਨ ਹੁਕਮ ਹੈ—

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥
ਧੰਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥੧॥੪॥ (ਸਲੋਕ ਮ: ੪, ਪੰਨਾ ੯੫੮)

ਪਰ ਜਿਹੜਾ ਕੀਰਤਨੀਆ ਗੁਰਬਾਣੀ ਦੇ ਰਸ ਨੂੰ ਪਿਛੇ ਪਾ ਕੇ ਰਾਗਾਂ ਨੂੰ ਮੁਖ ਰਖਦਾ ਹੈ ਅਤੇ ਰਾਗਾਂ ਦੀ ਤਾਨਾਰੀਰੀ ਵਿਚ ਹੀ ਉਲਝ ਜਾਂਦਾ ਹੈ, ਉਸ ਦੇ ਪਖੰਡ ਨੂੰ ਗੁਰਬਾਣੀ ਇਉਂ ਪ੍ਰਗਟਾਉਂਦੀ ਹੈ—

ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥੩॥੩॥
(ਸੋਰਠਿ ਕਬੀਰ ਜੀ—੬੫੪)

ਗੁਰਬਾਣੀ ਸਪੱਸ਼ਟ ਕਰਦੀ ਹੈ ਕਿ ਇਹ ਰਾਗ ਰਾਗਣੀਆਂ ਉਦੋਂ ਹੀ ਸ਼ੋਭਨੀਕ ਹਨ, ਜਦੋਂ ਮੂੰਹ ਵਿਚ ਨਾਮ ਹੋਵੇ ਅਤੇ ਸ਼ਬਦ ਨਾਲ ਜੁੜ ਕੇ ਇਨ੍ਹਾਂ ਨੂੰ ਅਲਾਪਿਆ ਜਾਏ—

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥


www.AKJ.Org

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥੨॥੧॥ (ਮ: ੩, ਬਿਲਾਵਲੁ-੮੪੯)

ਅਕਾਲ ਪੁਰਖ ਨੇ ਹਉਮੈ ਦਾ ਰੋਗ ਕੇਵਲ ਮਨੁੱਖ ਜਾਤੀ ਨੂੰ ਦਿੱਤਾ ਹੈ, ਪਸ਼ੂ ਪੰਛੀਆਂ ਨੂੰ ਨਹੀਂ। ਆਮ ਤੌਰ ਤੇ ਇਹ ਰੋਗ ਉਸ ਨੂੰ ਚੰਬੜਦਾ ਹੈ, ਜਿਸ ਕੋਲ ਖ਼ਾਸ ਗੁਣ ਜਾਂ ਰੱਬੀ ਬਖ਼ਸ਼ਸ਼ ਹੋਵੇ। ਇਸ ਰੱਬੀ ਦਾਤਿ ਨੂੰ ਜਰ ਨਾ ਸਕਣਾ, ਹਉਮੈ ਨੂੰ ਜਨਮ ਦਿੰਦਾ ਹੈ। ਰਾਗੀ ਵੀ ਇਨਸਾਨ ਹੈ, ਦੇਵਤਾ ਨਹੀਂ, ਉਹ ਵੀ ਇਸ ਦਾ ਸ਼ਿਕਾਰ ਹੋ ਸਕਦਾ ਹੈ। ਲੋੜ ਤੋਂ ਵੱਧ ਰਾਗ ਨੂੰ ਅਹਿਮੀਅਤ ਦੇਣੀ, ਰਾਗ ਦਾ ਜ਼ਿਆਦਾ ਪ੍ਰਗਟਾਵਾ ਕਰਨਾ ਜਾਂ ਆਲਾਪ ਕਰਨਾ, ਕੀਰਤਨ ਦਾ ਮੁੱਲ ਪੁਆਉਣਾ, ਈਰਖਾ ਕਰਨੀ, ਨੁਕਤਾਚੀਨੀ ਕਰਨੀ ਆਦਿ ਹਉਮੈ ਦੇ ਵੱਖ ਵੱਖ ਰੂਪ ਹਨ। ਗੁਰਬਾਣੀ ਵਿਚ ਹੰਕਾਰੀ ਪੁਰਸ਼ ਦੀ ਤੁੱਲਨਾ ਉੱਚੇ ਟਿੱਬੇ ਨਾਲ ਕੀਤੀ ਹੈ, ਜਿਹੜਾ ਰਹਿਮਤ ਦੀ ਬਾਰਸ਼ ਹੋਣ ਦੇ ਬਾਵਜੂਦ ਖ਼ਾਲੀ ਰਹਿ ਜਾਂਦਾ ਹੈ—

ਫਰੀਦਾ ਗਰਬੁ ਜਿਨਾ ਵਡਿਆਈਆ ਧਨਿ ਜੋਬਨਿ ਆਗਾਹ ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥ (ਮ: ੫, ਸਲੋਕ ਫਰੀਦ ਜੀ-੧੩੮੩)

ਕੀਰਤਨ ਕਰਨਾ ਸੌਖਾ ਹੈ, ਪਰ ਇਸ ਨੂੰ ਰਸਭਿੰਨੜਾ ਬਣਾਉਣਾ ਤੇ ਸਰੋਤਿਆਂ ਦੇ ਹਿਰਦੇ ਵਿਚ ਰਸ ਭਰਨਾ ਸਹਿਲ ਨਹੀਂ। ਨਿਰਾ ਰਾਗ ਦੇ ਰਸ ਵਿਚ ਗਲਤਾਨ ਹੋਣ ਦਾ ਭਾਵ ਨਾਮ-ਰਸ ਦੀ ਘਾਟ ਹੈ। ਖ਼ੁਸ਼ਕ ਤੇ ਰਸਹੀਨ ਹਿਰਦੇ ਵਿਚੋਂ ਨਿਕਲੀ ਧੁਨੀ ਅੰਮ੍ਰਿਤ ਦੀ ਵਰਖਾ ਨਹੀਂ ਕਰ ਸਕਦੀ। ਹਮੇਸ਼ਾ ਨਿਰਮਲ ਤੇ ਰੰਗੇ ਹੋਏ ਹਿਰਦੇ ਵਿਚੋਂ ਨਿਕਲਿਆ ਸ਼ਬਦ ਹੀ ਅਸਰ ਕਰਦਾ ਹੈ—

ਸਫਲੁ ਜਨਮੁ ਤਾਂ ਕਾ ਪਰਵਾਣੁ ॥ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥੩॥੨੮॥
(ਗੋਂਡ ਮਹਲਾ ੫-੮੬੯)

ਇਹ ਭਾਇ ਭਗਤਿ, ਉਤਸ਼ਾਹ-ਭਰਪੂਰ ਪ੍ਰੇਮ ਦਾ ਮਾਰਗ ਹੈ, ਨਾਮ ਦਾ ਰੰਗ ਹੈ। ਜਿੱਥੇ ਪ੍ਰੇਮ ਨਹੀਂ, ਉਥੇ ਭੇਖ, ਦਿਖਾਵਾ ਤੇ ਕਰਮ ਕਾਂਡ ਹੈ; ਜਿੱਥੇ ਨਾਮ ਨਹੀਂ, ਮਾਇਆ ਦਾ ਝੂਠਾ ਪਾਸਾਰਾ ਹੈ। ਮਨ ਤੇ ਮਾਇਆ ਦਾ ਰੰਗ ਚੜ੍ਹਿਆ, ਭਾਵੇਂ ਕੁਸੰਭੜੇ ਵਾਂਗਰ ਕੱਚਾ ਹੈ, ਪਰ ਗੁਰੂ ਦੀ ਕਿਰਪਾ ਬਿਨ ਨਹੀਂ ਲਹਿੰਦਾ। 'ਭੈ ਬਿਨੁ ਲਾਗਿ ਨ ਲਗਈ' ਹਜ਼ੂਰ ਦਾ ਪਾਵਨ ਫ਼ੁਰਮਾਨ ਹੈ। ਭਾਉ, ਪ੍ਰੇਮ ਤੇ ਸ਼ਰਧਾ, ਪੱਕੇ ਮਜੀਠੇ ਰੰਗ ਦੇ ਖ਼ਾਸ ਤੱਤ ਹਨ। ਨਾਮ ਰੰਗਣ ਨਾਲ ਰੰਗੇ ਮਨ ਵਿਚੋਂ ਜਿਹੜੇ ਬਚਨ ਰਸਨਾ ਦੁਆਰਾ ਪ੍ਰਗਟ ਹੋਣਗੇ, ਉਨ੍ਹਾਂ ਬਦੌਲਤ ਲੋਕ ਪਰਲੋਕ ਵਿਚ ਸੋਭਾ ਹੋਵੇਗੀ ਤੇ ਸਦੀਵੀ ਸੁੱਖ ਮਿਲਣਗੇ। ਹਜ਼ੂਰ ਦੇ ਅਮੋਲਕ ਬਚਨ ਹਨ—

ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ ॥ ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ। ੬॥੯॥
(ਮਾਝ ਮਹਲਾ ੩-੧੧੪)

ਉੱਤਮ ਕੀਰਤਨੀਏ ਦਾ ਮਹਾਨ ਦੈਵੀ ਗੁਣ ਰਸਾਂ ਕਸਾਂ ਤੋਂ ਉੱਪਰ ਉੱਠਣਾ ਹੈ। ਸੰਸਾਰਕ ਤੇ ਸਰੀਰਕ ਰਸਾਂ ਨੂੰ ਹੋਛੇ ਰਸ ਕਹਿਆ ਗਿਆ ਹੈ! ਇਹ ਖਾਣ ਪੀਣ ਦੇ ਹੋਣ ਜਾਂ ਪਹਿਨਣ ਦੇ, ਸੁਣਨ ਦੇ ਹੋਣ ਜਾਂ ਦੇਖਣ ਦੇ, ਸਭ ਫਿੱਕੇ ਹਨ, ਛਾਰ ਹਨ। ਇਨ੍ਹਾਂ ਦੇ ਹੁੰਦਿਆਂ ਪਿਆਸ ਨਹੀਂ ਬੁੱਝਦੀ ਤੇ ਆਤਮ-ਰਸ ਜਾਂ ਹਰਿ-ਰਸ ਦੀ ਸੋਝੀ ਨਹੀਂ ਹੁੰਦੀ। ਐਸੇ ਨਾਮ-ਰਸਿਕ-ਬੈਰਾਗੀ ਭਾਵੇਂ ਵਿਰਲੇ ਹਨ, ਪਰ ਜਦ ਉਹ ਗੁਰਬਾਣੀ ਦਾ ਰਸਿਕ-ਰਸਿਕ ਗੁਣ ਗਾਉਂਦੇ ਹਨ ਤਾਂ ਸੱਚੇ ਨਾਮ ਦੇ ਸਦਕੇ ਉਨ੍ਹਾਂ ਦੀ ਲਿਵ, ਉਨਮਨੀ ਅਵਸਥਾ ਵਿਚ ਗੰਮਤਾ ਪ੍ਰਾਪਤ ਕਰਦੀ ਹੈ ਤੇ ਇਹ ਕਲਾ ਸਾਵਧਾਨ ਸਰੋਤਿਆਂ ਉੱਤੇ ਵੀ ਵਰਤਦੀ ਹੈ।

ਕੀਰਤਨ ਕਰਨ ਦੀ ਇਹ ਬਿਧੀ ਜਿਸ ਜਨ ਨੂੰ ਨਸੀਬ ਹੁੰਦੀ ਹੈ, ਉਹ ਵੇਪਰਵਾਹ, ਸਦਾ ਰੰਗਿ ਰਾਤਾ, ਸੰਸਾਰਕ ਮੰਗਾਂ ਤੇ ਇੱਛਾਵਾਂ ਤੋਂ ਨਿਰਲੇਪ ਹੋ ਜਾਂਦਾ ਹੈ। ਪਾਵਨ ਹੁਕਮ ਹੈ—

ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ ਰਸਨਾ ਹਰਿ ਰਸੁ ਧਾਰੀ॥
ਨਾਨਕ ਹਰਿ ਬਿਨੁ ਅਵਰੁ ਨ ਮਾਗਉ, ਹਰਿ ਰਸ ਪ੍ਰੀਤਿ ਪਿਆਰੀ ॥੮॥੧॥
(ਗੂਜਰੀ ਮਹਲਾ ੪ ਘਰੁ ੨-੫੦੭)


www.AKJ.Org

# ਸ੍ਰੀ ਤਰਨ ਤਾਰਨ ਸਾਹਿਬ ਵਿਖੇ ਸ਼ਹੀਦੀ ਸਾਕਾ (੨)

[ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਦਾ ਅੱਖੀਂ ਡਿੱਠਾ ਵਰਨਣ]

ਸੰਗਤ ਵਿਚ ਫੇਰ ਉਹੋ ਚਰਚਾ ਛਿੜੀ ਕਿ ਸਵੇਰ ਤੋਂ ਹੁਣ ਤਕ ਪੁਜਾਰੀਆਂ ਦੀ ਜੋ ਦਸ਼ਾ ਦੇਖਣ ਵਿਚ ਆਈ ਹੈ, ਇਹ ਸਮਝੌਤੇ ਵਾਲੀ ਨਹੀਂ, ਇਹ ਕਿਸੇ ਸਮੇਂ ਦੀ ਉਡੀਕ ਪ੍ਰਤੀਤ ਹੁੰਦੀ ਹੈ । ਜੇ ਸਮਝੌਤੇ ਦਾ ਵਿਚਾਰ ਹੁੰਦਾ ਤਦ ਕੋਈ ਗ੍ਰੰਥੀ ਪੁਜਾਰੀ ਆਪ ਏਥੇ ਆ ਕੇ ਬੇਨਤੀ ਕਰਦਾ ਜਾਂ ਸਾਰੇ ਹੀ ਆ ਕੇ ਵਿਚਾਰ ਕਰ ਲੈਂਦੇ, ਆਦਿਕ । ਏਧਰ ਜੋ ਗੈਸ ਸ੍ਰੀ ਦਰਬਾਰ ਸਾਹਿਬ ਜੀ ਦੇ ਅਗੇ ਜਗ ਰਿਹਾ ਸੀ, ਓਹ ਬੁਝਣ ਲੱਗਾ ਤੇ ਪਤਾ ਲੱਗਾ ਜੁ ਅੱਜ ਤੇਲ ੮ ਬੋਤਲਾਂ ਪਾਇਆ ਸੀ, ਇਹ ਕਿਸੇ ਪੁਜਾਰੀ ਨੇ ਜਾਣ ਕੇ ਟੈਂਕੀ (ਤੇਲ ਦੀ ਕੁੱਪੀ) ਬਦਲ ਰਖੀ ਹੈ । ਸੋ ਉਸੇ ਵੇਲੇ ਕੁੱਪੀ ਹੋਰ ਬਦਲੀ ਗਈ । ਏਸ ਵੇਲੇ ਕੁਝ ਹੋਰ ਬਾਹਰ ਆਏ ਹੋਏ ਪੁਜਾਰੀ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਜਾਣ ਲਗੇ, ਤਦ ਜਥੇ ਦੇ ਸੇਵਕਾਂ ਰੋਕ ਦਿਤੇ ਕਿ ਹੁਣ ਟਕੂਏ ਡਾਂਗਾਂ ਵਗੈਰਾ ਹੋਰ ਲੈ ਕੇ ਅੰਦਰ ਹਰਿਮੰਦਰ ਜੀ ਦੇ ਨਹੀਂ ਜਾਣ ਦੇਵਾਂਗੇ । ਏਸ ਪਰ ਗੁਰਦਿਤ ਸਿੰਘ ਹਰਦਿਤ ਸਿੰਘ ਵਗੈਰਾ ਨੇ ਬਹੁਤ ਸ਼ੋਰ-ਸ਼ਰਾਬਾ ਕੀਤਾ ਤੇ ਆਵਾਜ਼ਾਂ ਦਿਤੀਆਂ ਕਿ ਹੁਣ ਕਿਹੜਾ ਵੇਲਾ ਵੇਖਦੇ ਹੋ, ਤਕੜੇ ਹੋ ਜਾਵੋ ! ਫੜੋ ! ਰੋਕੋ ! ਹਟਾਓ ! ਏਸ ਤਰ੍ਹਾਂ ਮਰ ਜਾਣਾ ਚੰਗਾ ਹੈ, ਆਦਿ । ਏਸ ਰੌਲੇ ਵਿਚ ਦੀਵਾਨ ਦੀ ਬਹੁਤ ਸਾਰੀ ਸੰਗਤ ਏਸ ਪਾਸੇ ਆ ਗਈ । ਤੇ ਕੁਝ ਅਵਾਜ਼ਾਂ ਉਠੀਆਂ ਅੰਦਰ ਦੇ ਪਾਸੇ ਵਲੋਂ ਕਿ ਸ੍ਰੀ ਹਰਿਮੰਦਰ ਦੇ ਅੰਦਰੋਂ ਸ਼ਰਾਬ ਦੀ ਬਹੁਤ ਸਾਰੀ ਬਦਬੂ ਆ ਰਹੀ ਹੈ, ਪਤਾ ਨਹੀਂ ਅੰਦਰ ਜਾਂ ਉੱਪਰ ਸ਼ਰਾਬ ਵਰਤ ਰਹੀ ਹੈ । ਐਸ ਵੇਲੇ ਅੰਦਰੋਂ ਭਾਈ ਤੇਜਾ ਸਿੰਘ ਜੀ ਗ੍ਰੰਥੀ, ਭਾਈ ਗੁਰਬਖਸ਼ ਸਿੰਘ ਜੀ ਗ੍ਰੰਥੀ ਆਦਿ ਆਏ ਤੇ ਸ੍ਰੀ ਮਾਨ ਸਰਦਾਰ ਦਾਨ ਸਿੰਘ ਜੀ, ਭਾਈ ਕਰਤਾਰ ਸਿੰਘ ਜੀ ਝੱਬਰ ਆਦਿਕਾਂ ਨੂੰ ਦਸਿਆ ਕਿ:—ਅਸੀਂ ਪੰਜੇ ਸ਼ਰਤਾਂ ਮਨਜ਼ੂਰ ਕਰ ਕੇ ਦਸਖ਼ਤ ਕਰਨ ਦਾ ਫ਼ੈਸਲਾ ਕਰ ਲਿਆ ਹੈ, ਸਾਰੇ ਗ੍ਰੰਥੀ ਪੁਜਾਰੀ ਮੰਨ ਗਏ ਹਨ, ਤੁਸੀਂ ਛੇਤੀ ਸਾਫ਼ ਕਾਗਜ਼ ਤੇ ਲਿਖ ਲਵੋ ਤੇ ਅੰਦਰ ਚੱਲ ਕੇ ਦਸਖ਼ਤ ਕਰਵਾ ਲਵੋ । ਉੱਤਰ ਵਿਚ ਸਰਦਾਰ ਦਾਨ ਸਿੰਘ ਜੀ ਨੇ ਕਿਹਾ ਕਿ ਹੁਣ ਤਕ ਦੇ ਲੱਛਣ ਤੇ ਅੰਦਰ ਦੇ ਸਮਾਚਾਰ ਨੇਕੀ ਦੇ ਨਹੀਂ ਪ੍ਰਤੀਤ ਹੁੰਦੇ । ਚੰਗਾ ਇਹ ਹੈ ਕਿ ਸਾਰੇ ਬਾਹਰ ਆ ਜਾਵਣ ਤੇ ਸੰਗਤ ਵਿਚ ਪ੍ਰਗਟ ਕਰ ਦੇਵਣ ਕਿ ਅਸੀਂ ਸ਼ਰਤਾਂ ਤੇ ਸਮਝੌਤਾ ਕਰਨ ਨੂੰ ਤਿਆਰ ਹਾਂ । ਪਰ ਬਾਹਰ ਆਏ ਗ੍ਰੰਥੀ-ਪੁਜਾਰੀਆਂ ਕਿਹਾ ਕਿ ਹੁਣ ਅੰਦਰ ਸਾਰੇ ਇਕੱਠੇ ਬੈਠੇ ਹਨ, ਦਸਖ਼ਤ ਅੰਦਰ ਹੀ ਹੋ ਜਾਵਣ ਤਾਂ ਫੇਰ ਕਵਾੜ ਬੰਦ ਹੋ ਜਾਣੇ ਹਨ ਤੇ ਆਪੇ ਹੀ ਸਭ ਨੇ ਬਾਹਰ ਆ ਜਾਣਾ ਹੈ । ਇਸ ਪਰ ਭਾਈ ਕਰਤਾਰ ਸਿੰਘ ਜੀ ਨੇ ਦਾਸ (ਮੋਹਨ ਸਿੰਘ ਵੈਦ) ਨੂੰ ਆਗਿਆ ਕੀਤੀ ਤੇ ਪਹਿਲੇ ਰਫ਼ ਕਾਗਜ਼ ਤੋਂ ਸਾਫ਼ ਵੱਡੇ ਕਾਗਜ਼ ਤੇ ਸ਼ਰਤਾਂ ਲਿਖ ਲਿਆਵਣ ਵਾਸਤੇ ਆਖਿਆ, ਜਿਸ ਪਰ ਦਾਸ ਨੇ ਤਿੰਨ ਚਾਰ ਗ੍ਰੰਥੀ-ਪੁਜਾਰੀ, ਤਿੰਨ ਚਾਰ ਜਥੇ ਦੇ ਸੱਜਣ ਨਾਲ ਚੱਲਣ ਤਾਂ ਸਾਹਮਣੇ ਲਿਖਣ ਦੀ ਬੇਨਤੀ ਕੀਤੀ, ਪਰ ਨਾਲ ਜਾਣ ਦੀ ਓਹਨਾਂ ਲੋੜ ਨਾ ਦੱਸੀ ਤੇ ਦਾਸ ਅਰ ਭਾਈ ਸੁੰਦਰ ਸਿੰਘ ਜੀ ਮੈਨੇਜਰ ਕਾਰਖਾਨਾ ਨੂੰ ਹੀ ਭੇਜਿਆ । ਜਦ ਦਾਸ ਆਪਣੀ ਦੁਕਾਨ, ਜੋ ਪੰਦਰਾਂ ਵੀਹ ਕਰਮ ਦੂਰ ਤੇ ਹੈ, ਲਿਖ ਲਿਆਵਣ ਵਾਸਤੇ ਜਾਣ ਲੱਗਾ ਤਦ ਦਰਸ਼ਨੀ ਡਿਉੜੀ ਦੇ ਬਾਹਰ ਖੜੇ ਤਹਿਸੀਲਦਾਰ ਸਾਹਿਬ ਤੇ ਸਰਕਲ ਇੰਨਸਪੈਕਟਰ ਜੀ ਆਦਿ ਅਫ਼ਸਰ, ਜੋ ਅੰਮ੍ਰਿਤ ਵੇਲੇ ਤੋਂ ਹੀ ਅਮਨ ਦੇ ਕਾਇਮ ਰੱਖਣ ਵਾਸਤੇ ਏਥੇ ਸਨ ਤੇ ਹਰ ਤਰ੍ਹਾਂ ਜਦ ਜਿਸ ਪਾਸੇ ਤੋਂ ਕਿਸੇ ਤਰ੍ਹਾਂ ਦਾ ਪਤਾ ਲੱਗਦਾ ਸੀ, ਸ਼ਾਂਤੀ ਨਾਲ ਉਧਰ ਦੇ ਪ੍ਰਬੰਧ ਵਿਚ ਮਦਦਗਾਰ ਹੁੰਦੇ ਸਨ ਤੇ ਪਲ ਪਲ ਦੀ ਖ਼ਬਰ ਲੈ ਰਹੇ ਸਨ, ਉਨ੍ਹਾਂ ਦਾਸ ਨੂੰ ਪੁਛਿਆ, ਹੁਣ ਕੀ ਹਾਲ ਹੈ ? ਜਦ ਸਾਰਾ ਹਾਲ ਦੱਸ ਕੇ ਸ਼ਰਤਾਂ ਦੀ ਮਨਜ਼ੂਰੀ ਰਾਜ਼ੀਨਾਮੇ ਵਾਸਤੇ ਲਿਖਣ ਦੇ ਹਾਲ ਦੱਸੇ ਤਦ ਤਹਿਸੀਲਦਾਰ ਨਵਾਬ ਅਬਦੁਲ ਹੁਸੈਨ ਸਾਹਿਬ ਕਜਲਬਾਸ ਬੜੇ ਹੀ ਪ੍ਰਸੰਨ ਹੋਏ ਕਿ ਰਾਜ਼ੀਨਾਮਾ ਹੋ ਚਲਿਆ ਹੈ, ਕਈ ਵਾਰ ਉਹਨਾਂ ਖ਼ੁਦਾ ਦਾ ਸ਼ੁਕਰ ਕੀਤਾ ਤੇ ਦੁਆ ਕੀਤੀ ਕਿ ਸੁਲ੍ਹਾ ਸਿਰੇ ਚੜ੍ਹ ਜਾਵੇ ਤੇ ਦਾਸ ਨੂੰ ਬਹੁਤ ਛੇਤੀ ਲਿਖ ਲਿਆਵਣ ਦੀ ਤਗੀਦ



www.AKJ.Org

ਕੀਤੀ। ਪਾਸ ਖੜੇ ਹੋਰ ਭੀ ਸਾਰੇ ਅਫਸਰਾਂ ਤਾਈਦ ਕੀਤੀ। ਸੁਣਿਆ ਹੈ ਕਿ ਐਸ ਵੇਲੇ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰੋਂ ਜ਼ੋਰ ਦੀ ਵਿਸਲ (ਸੀਟੀ) ਦੀ ਅਵਾਜ਼ ਭੀ ਆਈ ਸੀ, ਜੋ ਸਵੇਰੇ ਦੋ ਗੁੰਬੀ ਸਿੰਘਾਂ ਨੇ ਮੰਗਵਾਈਆਂ ਸਨ। ਦਾਸ ਆਪਣੀ ਦੁਕਾਨ ਤੇ ਜੰਦਰਾ ਖੋਲ੍ਹ ਮੋਮ ਬੱਤੀ ਜਗਾ ਕਾਗਜ਼ ਲੈ ਲਿਖਣਾ ਸ਼ੁਰੂ ਹੀ ਕਰਨ ਲੱਗਾ ਸੀ ਤਾਂ ਗੋਲੇ ਦੀ ਅਵਾਜ਼ ਆਈ। ਉਸੇ ਵੇਲੇ ਆਪਣੇ ਆਦਮੀ ਮਿਹਰ ਸਿੰਘ ਨੂੰ ਪਤੇ ਵਾਸਤੇ ਭੇਜਿਆ ਤਾਂ ਤਾਂ ਇਕ ਹੋਰ ਗੋਲੇ ਦੀ ਅਵਾਜ਼ ਆਈ। ਏਨੇ ਨੂੰ ਮੇਹਰ ਸਿੰਘ ਨੇ ਆ ਕੇ ਪਤਾ ਦਿਤਾ ਕਿ ਝੰਡੇ ਬੁੰਗੇ ਤੇ ਨਾਲ ਦੇ ਕਿਰਪਾਲ ਸਿੰਘ ਦੇ ਬੁੰਗੇ ਦੇ ਉਪਰੋਂ ਗੋਲੇ ਤੇ ਇੱਟਾਂ ਠੀਕਰੀਆਂ ਵੱਡੇ ਮੀਂਹ ਦੀ ਤਰ੍ਹਾਂ ਸੰਗਤਾਂ ਤੇ ਪੈ ਰਹੀਆਂ ਹਨ, ਖਲਬਲੀ ਮਚੀ ਹੋਈ ਹੈ। ਦਾਸ ਛੇਤੀ ਜਾਣ ਲੱਗਾ ਤਾਂ ਭਾਈ ਸੁੰਦਰ ਸਿੰਘ ਜੀ ਨੇ ਕਿਹਾ, ਸ਼ਾਇਦ ਏਹ ਸ਼ਰਾਰਤ ਸਭਨਾਂ ਦੀ ਨਾ ਹੋਵੇ, ਤੂੰ ਛੇਤੀ ਸਾਰੀਆਂ ਸ਼ਰਤਾਂ ਮੁਕੰਮਲ ਲਿਖ ਕੇ ਲੈ ਚੱਲ। ਜਦ ਕਾਗਜ਼ ਮੁਕੰਮਲ ਕਰ ਕੇ ਦਾਸ ਗਿਆ ਤਦ ਚੌਂਕ ਵਿਚ ਹੀ ਬਹੁਤ ਸਾਰੇ ਆਦਮੀਆਂ ਦਾਸ ਨੂੰ ਰੋਕਿਆ ਕਿ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਖ਼ੂਨ-ਖ਼ਰਾਬੇ ਹੋ ਰਹੇ ਹਨ ਅਤੇ ਪੁਜਾਰੀਆਂ ਦਾ ਐਲਾਨ ਤੈਨੂੰ (ਮੋਹਨ ਸਿੰਘ ਵੈਦ) ਤੇ ਸੰਤ ਸਿੰਘ ਨੂੰ ਕਤਲ ਕਰ ਦੇਵਣ ਦਾ ਸੀ ਤੇ ਹੈ. ਤੂੰ ਨਾ ਜਾਹ। ਪਰ ਦਾਸ ਗੁਰੂ ਆਸਰਾ ਦੱਸ ਕੇ ਜ਼ੋਰੋ ਜ਼ੋਰੀ ਗਿਆ। ਤਹਿਸੀਲਦਾਰ ਜੀ ਨੇ ਪੂਰੇ ਪੂਰੇ ਹਾਲ ਅੰਦਰ ਬਾਹਰ ਦੇ ਲਿਆ ਕੇ ਦੱਸਣ ਵਾਸਤੇ ਆਖਿਆ ਤਾਂ ਜਾ ਕੇ ਦੇਖਿਆ ਕਿ ਸ੍ਰੀ ਹਰਿਮੰਦਰ ਜੀ ਦੇ ਅੰਦਰ ਬਾਹਰ ਚਾਰ ਚੁਫੇਰੇ ਖ਼ੂਨ ਤਰ-ਬਤਰ ਹੈ, ਫੱਟੜ ਲਿਜਾਏ ਜਾ ਰਹੇ ਹਨ, ਆਵਾਜ਼ਾਂ ਆ ਰਹੀਆਂ ਹਨ ਕਿ :—

ਜਦ ਪਹਿਲਾ ਗੋਲਾ ਡਿੱਗਾ ਹੈ ਤਦ ਅੰਦਰ ਛਵ੍ਹੀਆਂ ਕੁਹਾੜੀਆਂ ਟਕੂਏ ਚੱਲਣ ਲੱਗ ਪਏ ਸਨ, ਅੰਦਰ ਦਾ ਚਰਾਗ਼ ਬੁਝਾ ਕੇ ਪੜਦੇ ਸੁੱਟ ਦਿਤੇ ਗਏ ਸਨ, ਜਥੇ ਵਾਲੇ ਫੱਟ ਖਾਂਦੇ ਭੀ ਇਹੋ ਅਵਾਜ਼ਾਂ ਦੇਂਦੇ ਰਹੇ ਹਨ ਕਿ ਅਸਾਂ ਸ੍ਰੀ ਹਰਿਮੰਦਰ ਦੇ ਅੰਦਰ ਤੇ ਜਥੇਦਾਰ ਜੀ ਦੇ ਹੁਕਮ ਬਿਨਾਂ ਹੱਥ ਨਹੀਂ ਚੁਕਣਾ । ਮਰਨਾ ਹੈ, ਮਾਰਨਾ ਨਹੀਂ। ਫੱਟੜਾਂ ਨੇ ਅਵਾਜ਼ਾਂ ਦਿੱਤੀਆਂ ਤਦ ਭੀ ਜਥੇਦਾਰ ਜੀ ਨੇ ਇਹੋ ਅਵਾਜ਼ ਦਿੱਤੀ, ਮਾਰਨਾ ਨਹੀਂ, ਸੰਭਲੋ, ਬਾਹਰ ਆ ਜਾਵੋ, ਕੁਹਾੜੇ ਛਵ੍ਹੀਆਂ ਰੋਕ ਫੜ ਕੇ ਖੋਹ ਲਵੋ ! ਗੁੰਬੀ-ਪੁਜਾਰੀ ਕਾਰਾ ਕਰ ਕੇ ਭੱਜ ਨੱਠ ਗਏ। ਤਿੰਨ ਜਣੇ ਤਲਾ ਥਾਣੀਂ ਤਰ ਕੇ ਗਏ, ਦੋਂਹ ਨੂੰ ਧੱਕੇ ਦੇ ਕੇ ਹੇਠ ਸੁਟਿਆ। ਫਲਾਣੇ ਫਲਾਣੇ ਪੁਜਾਰੀ ਨੇ ਬਹੁਤ ਛਵ੍ਹੀਆਂ ਮਾਰੀਆਂ, ਆਦਿਕ ਕਈ ਬਾਤਾਂ ਸੁਣੀਆਂ। ਦਾਸ ਨੇ ਬਾਹਰ ਆ ਕੇ ਇਹ ਸਾਰੇ ਹਾਲ ਮੁਕਾਮੀ ਅਫਸਰਾਂ ਨੂੰ ਦੱਸੇ, ਸਰਕਾਰੀ ਡਾਕਟਰ ਸਾਹਿਬ ਪਹੁੰਚ ਪਏ ਸਨ, ਉਹਨਾਂ ਦੀ ਆਗਿਆ ਅਨੁਸਾਰ (੧) ਭਾਈ ਹਜਾਰਾ ਸਿੰਘ ਜੀ, (੨) ਭਾਈ ਈਸ਼ਰ ਸਿੰਘ ਜੀ, (੩) ਭਾਈ ਹੁਕਮ ਸਿੰਘ ਜੀ, (੪) ਭਾਈ ਬੇਲਾ ਸਿੰਘ ਜੀ, ਜੋ ਮਰਨਾਊ ਹੋ ਗਏ ਸਨ, ਮੰਜਿਆਂ ਤੇ ਪਾ ਕੇ (੫) ਸ: ਬਲਵੰਤ ਸਿੰਘ ਜੀ ਸੂਬੇਦਾਰ ਆਦਿਕ ਤੇ ੧੦ ਦੇ ਕਰੀਬ ਹੋਰ ਫੱਟੜ ਹਸਪਤਾਲ ਪਹੁੰਚਾਏ ਗਏ। ਉਥੇ ਹੀ ਡਾਕਟਰ ਸੁੰਦਰ ਸਿੰਘ ਜੀ ਤੇ ਡਾਕਟਰ ਹਰਨਾਮ ਸਿੰਘ ਜੀ ਸਣੇ ਕੰਪੌਂਡਰ ਪਹੁੰਚ ਗਏ ਤੇ ਯਥਾ ਯੋਗ ਪ੍ਰਬੰਧ ਕੀਤੇ ਗਏ। ਤਹਿਸੀਲਦਾਰ ਸਾਹਿਬ ਜੀ ਨੇ ਕਈਆਂ ਦੇ ਬਿਆਨ ਕਲਮ-ਬੰਦ ਕੀਤੇ। ਐਸ ਵੇਲੇ ੧੨ ਬਜੇ ਰਾਤ ਦੇ ਕਰੀਬ ਇਕ ਪੁਜਾਰੀ ਕਿਰਪਾ ਸਿੰਘ ਮੰਜੇ ਤੇ ਆਇਆ, ਜੋ ਬੜਾ ਹੀ ਸ਼ਰਾਬੀ ਹੋਇਆ ਹੋਇਆ ਸੀ ਤੇ ਆਖਦਾ ਸੀ, ਮੈਨੂੰ ਕਈ ਕੁਹਾੜੇ ਵਜੇ ਹਨ, ਪਰ ਜ਼ਖਮ ਕੋਈ ਨਹੀਂ ਸੀ। ਜਦ ਸਾਰੇ ਅਫਸਰਾਂ ਉਸ ਦੀ ਇਹ ਬਦਮਸਤ ਹਾਲਤ ਵੇਖੀ ਤਾਂ ਹਾਸਾ ਭੀ ਆਇਆ ਤੇ ਸਮਝਾਇਆ ਭੀ ਤਾਂ ਉਸ ਦੇ ਵਾਰਸਾਂ ਭੀ ਉਸ ਨੂੰ ਤਾੜਿਆ ਤੇ ਸ਼ਰਮਿੰਦੇ ਹੋ ਕੇ ਤੁਰਦੇ ਘਰ ਜਾਵਣ ਦਾ ਇਕਰਾਰ ਕਰ ਕੇ ਘਰ ਮੋੜ ਲੈ ਗਏ। ਸਾਰੇ ਅਫ਼ਸਰ ਤੇ ਦਾਸ ਆਦਿ ਕਈ ਹੋਰ ਸਥ ਪਲੇਟੀਅਰ ਦੇ ਮਕਾਨ ਤੇ ਪਹੁੰਚੇ। ਉੱਥੇ ਸ: ਤੋਤਾ ਸਿੰਘ ਜੀ ਪਿਸ਼ਾਵਰੀ ਦੀ ਬਾਂਹ ਜੋ ਉੱਪਰ ਬਹੁਤ ਮੋਟਾ ਓਵਰ ਕੋਟ, ਹੇਠ ਗਰਮ ਕੋਟ, ਕਮੀਜ਼, ਤੇ ਰੂੰ-ਦਾਰ ਵਾਸਕਟ ਕੱਟ ਕੇ ਛੇ ਇੰਚ ਕੱਟੀ ਗਈ ਸੀ, ਸਭ ਨੇ ਵੇਖੀ, ਡਾਕਟਰ ਸ: ਹਰਨਾਮ ਸਿੰਘ ਜੀ ਸੀਊਂ ਕੇ ਬੰਨ੍ਹ ਰਹੇ ਸਨ. ਦੇਖ ਕੇ ਤ੍ਰਾਹ ! ਤ੍ਰਾਹ !! ਕਰਦੇ ਸਭ ਫੇਰ ਹਸਪਤਾਲ ਪਹੁੰਚੇ । ਦੇਖ ਭਾਲ ਕਰ ਸ੍ਰੀ ਦਰਬਾਰ ਸਾਹਿਬ ਪਹੁੰਚ, ਸਭ ਪਤੇ ਕਰ ਕੇ ਡੇਢ ਬਜੇ ਦੇ ਕਰੀਬ ਥਾਂ ਪਰ ਥਾਂ ਗਏ । ਤਸੀਲਦਾਰ ਸਾਹਿਬ ਸਾਰੀ


www.AKJ.Org

ਰਾਤ ਹੀ ਦੇਖ ਭਾਲ ਕਰਦੇ ਅਮਨ ਵਾਸਤੇ ਫਿਰਦੇ ਰਹੇ। ਆਪ ਦੀ ਹਮਦਰਦੀ ਤੇ ਸਾਰੇ ਲੋਕ ਸ਼ੁਕਰ-ਗੁਜ਼ਾਰੀ ਕਰ ਰਹੇ ਸਨ ਤੇ ਆਪ ਦਾ ਪਿਆਰ, ਇਨਸਾਫ਼, ਦੋਹੀਂ ਪਾਸੀਂ ਸਮਝਾਉਣਾ, ਪਲ ਪਲ ਦੀ ਖ਼ਬਰ ਅਫਸਰਾਂ ਨੂੰ ਤਾਰਾਂ ਰਾਹੀਂ ਭੇਜਣ ਤੇ ਜਥੇ ਦੇ ਫੱਟੜ ਤੇ ਪੁਜਾਰੀ ਗ੍ਰੰਥੀਆਂ ਦੇ ਘਰ ਘਰ ਤੋਂ ਪਤਾ ਮੰਗਵਾਉਣਾ, ਜੋ ਓਹਨਾਂ ਵਿਚ ਭੀ ਕੋਈ ਫੱਟੜ ਹੋਵੇ ਤਾਂ ਪ੍ਰਬੰਧ ਕੀਤਾ ਜਾਵੇ, ਆਦਿ ਵਰਤੋਂ ਵਡਿਆਈ ਯੋਗ ਸੀ। ਰਾਤ ੨ ਵਜੇ ਤੋਂ ਪਿਛੋਂ ਉਸੇ ਬੁੰਗੇ ਤੋਂ ਫੇਰ ਇੱਟਾਂ ਵੱਟੇ ਪੈਂਦੇ ਰਹੇ।

੨੭-੧-੨੧ ਨੂੰ ਅੰਮ੍ਰਿਤ ਵੇਲੇ ਤੋਂ ਹੀ ਬੰਦ ਕੀਤਾ ਗਿਆ ਕਿ ਕੋਈ ਗ੍ਰੰਥੀ-ਪੁਜਾਰੀ ਸ੍ਰੀ ਦਰਬਾਰ ਸਾਹਿਬ ਨਾ ਆਵੇ। ਪ੍ਰੇਮੀ ਸੰਗਤਾਂ ਨੇ ਸ੍ਰੀ ਹਰਿਮੰਦਰ ਦੇ ਅੰਦਰ ਬਾਹਰ ਖ਼ੂਨ ਧੋਤੇ। ਸੇਵਾ ਕਰਨ ਵਾਲੀਆਂ ਸੰਗਤਾਂ ਹੋਲੇ ਮਹੱਲੇ ਦੇ ਰੰਗ ਦੀ ਤਰ੍ਹਾਂ ਨਾਲੇ ਤਾਂ ਜਲ ਨਾਲ ਲਹੂ ਧੋਣ ਦੀ ਸੇਵਾ ਕਰ ਰਹੀਆਂ ਤੇ ਨਾਲੇ ਅੱਥਰੂ ਕੇਰ ਤ੍ਰਾਹ ! ਤ੍ਰਾਹ !! ਕਰ ਰਹੀਆਂ, ਅਪਰਾਧੀਆਂ ਦਾ ਨਾਸ ਕਰਨ ਵਾਸਤੇ ਪ੍ਰਾਰਥਨਾ ਤੇ ਫਿਟਕਾਰਾਂ ਕਰ ਰਹੀਆਂ ਸਨ। ਸਾਰੇ ਕਾਰਜ ਨਿਯਮ ਅਨੁਸਾਰ ਸੇਵਾ, ਪ੍ਰਕਾਸ਼, ਕੀਰਤਨ, ਆਦਿ ਸਭ ਨਿਰਬਾਹ ਹੋਏ। ਪਤਾ ਲੱਗਾ ਜੋ ਤਸੀਲਦਾਰ ਜੀ ਅੰਮ੍ਰਿਤ ਵੇਲੇ ਪੁੱਛ-ਗਿੱਛ ਹਮਦਰਦੀ ਨਾਲ ਅਮਨ ਦਾ ਪਤਾ ਕਰ ਗਏ ਸਨ।

ਅੰਮ੍ਰਿਤਸਰ ਤੋਂ ਸ੍ਰੀਮਾਨ ਸਰਦਾਰ ਸੁੰਦਰ ਸਿੰਘ ਜੀ ਜਥੇਦਾਰ ਆਏ, ਦੇਖ ਪਤਾ ਕਰ ਉਸੇ ਵੇਲੇ ਮੁੜ ਗਏ। ਸਵੇਰ ਦੀ ਪਹਿਲੀ ਗੱਡੀ ਅੰਮ੍ਰਿਤਸਰ ਜੀ ਤੋਂ ਪੁਲੀਸ ਲੈ ਕੇ ਡਿਪਟੀ ਸੁਪ੍ਰੰਟੈਂਡੰਟ ਪੁਲੀਸ ਮਿਸਟਰ ਪਲੋਮਰ ਸਾਹਿਬ ਆਏ। ਪੁਜਾਰੀ ਗ੍ਰੰਥੀ ਤੇ ਉਹਨਾਂ ਦੇ ਹਮਦਰਦ ਥਾਂ-ਪਰ-ਥਾਂ ਕਦੇ ਥਾਣੇ, ਕਦੇ ਤਸੀਲੇ, ਕਦੇ ਬੰਗਲੇ, ਕਦੇ ਪਾਦਰੀ ਸਾਹਿਬ ਦੇ ਪਹੁੰਚੇ। ਤੇ ਥਾਂ-ਪਰ-ਥਾਂ ਡਰਾਵੇ, ਕੁਬੋਲ, ਧਮਕੀਆਂ, ਮੇਹਣੇ, ਮਰਨ ਮਾਰਨ ਦੇ ਨਾਹਰੇ ਮਾਰਦੇ ਫਿਰਦੇ ਰਹੇ। ਏਧਰੋਂ ਕੁਝ ਸੇਵਕ ਯੋਗ ਵਿਚਾਰ ਕੇ ਭੀ ਅਫਸਰਾਂ ਪਾਸ ਪਹੁੰਚੇ ਕਿ ਸਚਾਈ ਦਾ ਪਤਾ ਲੱਗਦਾ ਰਹੇ। ਬਾਹਰ ਜਾਂਦੇ ਪਤਾ ਲੱਗਾ, ਜੋ ਡਿਪਟੀ ਕਮਿਸ਼ਨਰ ਸਾਹਿਬ, ਕਪਤਾਨ ਸਾਹਿਬ ਸਣੇ ਭੀ ਆਣ ਪਹੁੰਚ ਹਨ। ਤੇ ਦੋਹਾਂ ਪਾਸਿਆਂ ਨੂੰ ਸੱਦਿਆ ਹੈ। ਦੋਵੇਂ ਧਿਰਾਂ ਪਹੁੰਚੀਆਂ। ਦੋਹਾਂ ਪਾਸਿਆਂ ਦੇ ਪੰਜ ਪੰਜ ਪ੍ਰਤੀਨਿਧ ਸੱਦ ਕੇ ਸਾਰੇ ਹਾਲ ਸੁਣ ਚਾਖ, ਦੇਖ ਵਿਚਾਰ ਕੇ ਦੋਹਾਂ ਪਾਸਿਆਂ ਨੂੰ ਹਾਕਮਾਂ ਦੀ ਤਰ੍ਹਾਂ ਡਰਾ, ਸਮਝਾ, ਬੁਝਾ ਕੇ ਪੜਤਾਲ ਕੀਤਾ। ਪੁਜਾਰੀਆਂ ਨੇ ਕਮਿਸ਼ਨਰ ਸਾਹਿਬ ਜੀ ਦੀ ਚਿੱਠੀ ਦੱਸ ਕੇ ਹਿਮਾਇਤ ਮੰਗੀ। ਇਸ ਪਰ ਡਿਪਟੀ ਸੁਪ੍ਰੰਟੈਂਡੰਟ ਨੇ ਦਸਿਆ ਕਿ ਏਹ ਮਾਲਕੀ ਦੀ ਸ਼ਕਲ ਦੇ ਮਹੰਤਾਂ ਵਾਸਤੇ ਹੋ ਸਕਦੀ ਹੈ, ਆਪ ਦਾ ਗੁਰਦੁਆਰਾ ਇਕ ਆਦਮੀ ਦੀ ਮਲਕੀਅਤ ਨਹੀਂ। ਸ: ਮਤਾਬ ਸਿੰਘ ਜੀ ਹੈਡ-ਮਾਸਟਰ ਜੀ ਨੇ ਏਸ ਦੇ ਸੰਬੰਧ ਵਿਚ ੨੧ ਜਨਵਰੀ ਦੇ ਖਾਲਸਾ ਐਡਵੋਕੇਟ ਦੇ ਮਜ਼ਮੂਨ ਅਤੇ ੩ ਜਨਵਰੀ ਨੂੰ ਜੋ ਦਾਸ ਨੇ ਇਕ ਚਿੱਠੀ ਕਮਿਸ਼ਨਰ ਸਾਹਿਬ ਜੀ ਨੂੰ ਇਸੇ ਸੰਬੰਧ ਤੇ ਗ੍ਰੰਥੀ-ਪੁਜਾਰੀਆਂ ਦੇ ਮਛਰੇਵੇਂ ਬਾਬਤ ਲਿਖੀ ਸੀ, ਓਸ ਦਾ ਹਾਲ ਦਸਿਆ। ਅਖ਼ੀਰ ਦੋਹਾਂ ਧਿਰਾਂ ਦੇ ਵਾਰੋ ਵਾਰੀ ਬਾਹਰ ਆ ਜਾਵਣ ਪਰ ਸਾਰੇ ਮੁਕਾਮੀ ਅਫ਼ਸਰਾਂ ਨਾਲ ਬੈਠ ਕੇ ਸਾਹਿਬ ਬਹਾਦਰ ਨੇ ਵਿਚਾਰ ਕਰ ਕੇ ਦੋਹਾਂ ਧਿਰਾਂ ਨੂੰ ਅੱਡ ਅੱਡ ਯੋਗ ਸਮਝੌਤੀ ਦਿਤੀ। ਗ੍ਰੰਥੀ-ਪੁਜਾਰੀਆਂ ਨੂੰ ਉਹਨਾਂ ਦੀ ਅਯੋਗ ਵਧੀਕੀ, ਮਾਰ ਕੁਟ ਤੇ ਬਹੁਤ ਫਿਟਕਾਰਿਆ ਤੇ ਦਸਿਆ ਕਿ ਤੁਸੀਂ ਆਪ ਫ਼ਸਾਦ ਕਰ ਕੇ ਆਪਣੇ ਨਾਲ ਵੈਰ ਕੀਤਾ ਹੈ, ਬਹੁਤ ਬੁਰਾ ਕੀਤਾ ਹੈ। ਏਸ ਵਿਚਾਲੇ ਸ੍ਰੀ ਅੰਮ੍ਰਿਤਸਰ ਜੀ ਤੋਂ ਲਾਲਾ ਗਿਰਧਾਰੀ ਲਾਲ ਜੀ, ਡਾਕਟਰ ਕਿਚਲੂ ਆਦਿਕ ਆਏ, ਉਥੇ ਹੀ ਪਹੁੰਚੇ, ਦੋਹਾਂ ਪਾਸਿਆਂ ਨੂੰ ਮਿਲ ਕੇ ਪੁੱਛ ਗਿਛ ਕੀਤੀ। ਪੁਜਾਰੀਆਂ-ਗ੍ਰੰਥੀਆਂ ਨੇ ਆਮ ਖ਼ਲਕਤ ਵਿਚ ਏਹਨਾਂ ਸਾਹਿਬਾਂ ਦੇ ਪਾਸ ਮੰਨਿਆ ਕਿ ਸਾਥੋਂ ਬਹੁਤ ਬੁਰਾਈ ਹੋਈ ਹੈ, ਅਸੀਂ ਪਛਤਾਉਂਦੇ ਹਾਂ। ਫਲਾਣੀ ਫਲਾਣੀ ਬੁਰਾਈ ਕੀਤੀ, ਫਲਾਣੇ ਫਲਾਣੇ ਦੀ ਬੁਰਾਈ ਕਰਕੇ ਮੁਕਾਲਾ ਸਭਨਾਂ ਦਾ ਹੋਇਆ ਹੈ। ਅਸੀਂ ਦਰਬਾਰ ਸਾਹਿਬ ਦੇ ਹਿੱਸੇਦਾਰ ਨਹੀਂ ਬਣਦੇ,ਪਰ ਸਾਨੂੰ ਮਾਫ਼ੀ ਦਿਤੀ ਜਾਵੇ,ਆਦਿਕ! ਉਹਨਾਂ ਸਮਝਾਇਆ ਜੁ ਸਚੇ ਦਿਲ ਪਛਤਾਵਾ ਕਰ ਕੇ ਅਗੇ ਵਾਸਤੇ ਕੋਈ ਬੁਰਿਆਈ ਨਾ ਹੋਵੇ ਤਦ ਛੇਤੀ ਹੀ ਵੈਰ-ਭਾਵ ਹਟ ਜਾਵਣ ਦੀ ਆਸ ਹੁੰਦੀ ਹੈ। ਏਧਰ ਪਤਾ ਲਗਾ ਜੁ ਪੁਜਾਰੀਆਂ ਦੇ ੧੪ ਮੰਜੇ ਹਸਪਤਾਲ ਆਏ ਹਨ। ਸਾਰੇ ਲੋਕ ਹੈਰਾਨ ਹੋਏ ਕਿ ਰਾਤ ਤੋ



www.AKJ.Org

ਸਭ ਰਾਜੀ ਸਨ, ਹੁਣ ਕੀ ਬਣ ਗਿਆ। ਏਨੇ ਵਿਚੋਂ ਇਕ ਹੋਰ ਬ੍ਰਿਧ ਗ੍ਰੰਥੀ ਸਿੰਘ ਨੇ ਅਫਸਰਾਂ ਨੂੰ ਆਣ ਆਖਿਆ ਜੁ ਜਥੇ ਵਾਲੇ ਸਾਡੇ ਘਰੀਂ ਜਾ ਵੜੇ ਹਨ। ਡੀ. ਸੀ. ਨੇ ਹੈਰਾਨ ਹੋ ਕੇ ਪਤਾ ਕੀਤਾ। ਸਾਰੇ ਸੇਵਕਾਂ ਹਾਮੀ ਭਰੀ ਜੁ ਏਹ ਕਦੇ ਨਹੀਂ ਹੋ ਸਕਦਾ, ਏਸੇ ਵਿਚ ਏਹਨਾਂ ਦਾ ਸਚ ਝੂਠ ਨਿਤਾਰ ਲਵੋ। ਉਨ੍ਹਾਂ ਹੁਕਮ ਦਿਤਾ ਕਿ ਥਾਣੇਦਾਰ ਇਕ ਸਾਰਜੰਟ ਨਾਲ ਜਾ ਕੇ ਪਤਾ ਕਰੇ ਤਾਂ ਗ੍ਰੰਥੀ-ਪੁਜਾਰੀ ਆਲੇ ਟੋਲੇ ਕਰਨ ਲਗੇ ਤੇ ਆਖਿਆਂ, ਜੀ ਸਾਨੂੰ ਸ਼ਕ ਪਿਆ ਸੀ।

ਇਨ੍ਹਾਂ ਸਾਰੀਆਂ ਬਾਤਾਂ ਦੇ ਪਿਛੋਂ ਡਿਪਟੀ ਕਮਿਸ਼ਨਰ ਸਾਹਿਬ ਨੇ ਹੁਕਮ ਦਿਤਾ ਕਿ ਗ੍ਰੰਥੀ-ਪੁਜਾਰੀਆਂ ਦੀਆਂ ਪੰਜਾਂ ਪਤਿਆਂ ਦੀਆਂ ਜ਼ਮਾਨਤਾਂ ਤੇ ਇਰਦਾ ਗਿਰਦ ਫਸਾਦੀ ਮਕਾਨਾਂ ਵਾਲਿਆਂ ਦੀਆਂ ਜ਼ਮਾਨਤਾਂ ਲਈਆਂ ਜਾਵਣ। ਕੋਈ ਗ੍ਰੰਥੀ-ਪੁਜਾਰੀ ਹਦੂਦ ਸ੍ਰੀ ਦਰਬਾਰ ਸਾਹਿਬ ਵਿਚ ਨਾ ਜਾਵੇ। ਜਥੇ ਨੇ ਜਿਸ ਤਰ੍ਹਾਂ ਸੇਵਾ ਸੰਭਾਲੀ ਹੈ, ਅਮਨ ਨਾਲ ਸੇਵਾ ਕਰਦੇ ਰਹਿਣ। ਕੋਈ ਸ਼ਕਾਇਤ ਹੋਵੇ ਤਾਂ ਮੁਕਾਮੀ ਅਫਸਰਾਂ ਨੂੰ ਪਤਾ ਦਿਓ। ਏਸ ਫ਼ੈਸਲੇ ਦੇ ਬਾਅਦ ਸ਼ਰਾਰਤੀ ਆਦਮੀ ਬਹੁਤ ਢਿਲੇ ਹੋ ਗਏ। ਆਪਸ ਵਿਚ ਗ੍ਰੰਥੀ-ਪੁਜਾਰੀ ਇਕ ਦੂਸਰੇ ਬਾਬਤ ਆਮ ਲੋਕਾਂ ਦੇ ਸਾਹਮਣੇ ਦਸਣ ਲਗ ਪਏ, ਫਲਾਣੇ ਨੇ ਗੋਲੇ ਮਾਰੇ, ਫਲਾਣੇ ਨੇ ਛਵ੍ਹੀਆਂ ਮਾਰੀਆਂ, ਫਲਾਣੇ ਆਹ ਕੀਤਾ, ਫਲਾਣੇ ਆਹ ਕੀਤਾ, ਕਈ ਬੇਦੋਸ਼ੇ ਐਵੇਂ ਹੀ ਦੋਸ਼ੀ ਬਣ ਗਏ ਹਾਂ, ਆਦਿਕ। ਸਾਹਿਬ ਬਹਾਦਰ ਹਸਪਤਾਲ ਬੀਮਾਰਾਂ ਨੂੰ ਵੇਖ ਅਫਸੋਸ ਤੇ ਹਮਦਰਦੀ ਕਰਦੇ ਸ੍ਰੀ ਅੰਮ੍ਰਿਤਸਰ ਜੀ ਤੁਰ ਗਏ।

ਪਿਛੋਂ ਉਸੇ ਵੇਲੇ ਸ੍ਰੀਮਾਨ ਭਾਈ ਹਜਾਰਾ ਸਿੰਘ ਜੀ ਸ਼ਹੀਦੀ ਪ੍ਰਾਪਤ ਕਰ, ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਇਹ ਦੇਖ ਸੁਣ ਸੰਗਤਾਂ ਵਿਚ ਪ੍ਰੇਮ, ਜੋਸ਼, ਉਤਸ਼ਾਹ, ਗੁਰਮਤਿ ਦਾ ਰੰਗ, ਸੇਵਾ ਦਾ ਪਿਆਰ ਠਾਠਾਂ ਮਾਰਨ ਲਗ ਗਿਆ। ਧੰਨ ! ਧੰਨ !! ਹੋਵਣ ਲਗੀ। ਸੁਣ ਸੁਣ ਬੇਅੰਤ ਸੰਗਤਾਂ ਪਿੰਡਾਂ ਤੇ ਸ਼ਹਿਰਾਂ ਦੀਆਂ ਆਈਆਂ। ਸ੍ਰੀ ਅੰਮ੍ਰਿਤਸਰ ਜੀ ਤੋਂ ਸ੍ਰੀ ਮਾਨ ਐਡੀਟਰ ਸਾਹਿਬਾਨ ਪੰਜਾਬ. ਦਰਪਨ, ਪੰਥ ਸੇਵਕ, ਸਕੱਤਰ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਨਾਲ ਬੇਅੰਤ ਸੰਗਤ ਆਈ। ਸ੍ਰੀ ਦਰਬਾਰ ਸਾਹਿਬ ਜੀ ਦੇ ਸਾਹਮਣੇ ਬੜਾ ਭਾਰੀ ਦੀਵਾਨ ਸਜ ਗਿਆ। ਸ਼ਹੀਦੀਆਂ ਸੁਣਾਈਆਂ ਗਈਆਂ। ਸ਼ਹੀਦ ਹਜਾਰਾ ਸਿੰਘ ਜੀ ਵਾਸਤੇ ਅਖੰਡਪਾਠ ਤੇ ਯਾਦਗਾਰ ਵਾਸਤੇ ਅਪੀਲ ਕੀਤੀ ਗਈ। ਕੁਝ ਸਫਲ ਹੋਈ।

ਸ਼ਹੀਦ ਬਾਬਤ ਦੱਸਿਆ ਗਿਆ, ਨਗਰ ਵਿਚ ਇਹ ਧੰਨ, ਜ਼ਮੀਨ, ਪਵਿਤ੍ਰ ਜੀਵਨ ਤੇ ਗੁਰਮਤਿ ਪ੍ਰੇਮ ਵਿਚ ਸਭ ਤੋਂ ਵਧ ਅਮੀਰ ਸੀ। ਸ੍ਰੀ ਅਕਾਲ ਤਖਤ ਭੀ ਵਧ ਸੇਵਾ ਕਰਦਾ ਰਿਹਾ। ਘਰ ਰੋਟੀ ਪਰੋਸਣ ਸਮੇਂ ਪਤਾ ਲਗਾ ਜੋ ਅਕਾਲੀ ਦਲ ਆਇਆ ਹੈ, ਉਸੇ ਵੇਲੇ ਪ੍ਰਸ਼ਾਦ ਛਕਣਾ ਛਡ ਕੇ, ਮਾਤਾ ਭੈਣ ਪਰਵਾਰ ਨੂੰ ਇਹ ਆਖ ਕੇ ਤੁਰ ਆਇਆ ਕਿ ਹੁਣ ਸ਼ਹੀਦੀ ਦਾ ਭੋਜਨ ਛਕਣ ਚਲਦੇ ਹਾਂ। ਭੈਣ ਨੇ ਆਖਿਆ, ਵੀਰ ਵੇ ! ਦੁਧ ਹੀ ਛਕ ਜਾਓ। ਉਤਰ ਦਿਤਾ ਕਿ "ਜੇ ਸ਼ਹੀਦੀ ਦਾ ਅੰਮ੍ਰਿਤ ਨਾ ਨਸੀਬ ਹੋਇਆ ਤਦ ਦੁਧ ਆਣ ਛਕਾਂਗੇ।" ਜਿਸ ਦਿਨ ਅਕਾਲੀ ਦਲ ਵਿਚ ਆਪ ਨੇ ਨਾਮ ਲਿਖਾਇਆ, ਜਥੇਦਾਰ ਜੀ ਨੇ ਪੁਛਿਆ, ਖਾਲਸਾ ਜੀ, ਤੁਹਾਡਾ ਸਰੀਰ ਬਹੁਤ ਮਾੜਾ ਹੈ। ਉਤਰ ਦਿੱਤਾ, ਮਹਾਰਾਜ ਜੀ, ਖ਼ੂਨ ਸ਼ਹੀਦਾਂ ਦਾ ਹੈ, ਦਾਸ ਸਰਦਾਰ ਬਘੇਲ ਸਿੰਘ ਜੀ ਦੇ ਬਿੰਦੀ ਬੰਸ ਵਿਚੋਂ ਹੈ। ਵਕੀਲ ਆਖਦੇ ਸਨ ਕਿ ਮੁਨਸਫੀ ਵਿਚ ਜਦ ਕੋਈ ਗ਼ਰੀਬ ਦੁਖੀ ਸਾਮੀ ਵੇਖਦਾ ਸੀ ਤਾਂ ਸਾਰੀ ਰਕਮ ਛਡ ਦਿੰਦਾ ਜਾਂ ਥੋੜ੍ਹੀ ਤੋਂ ਥੋੜ੍ਹੀ ਕਿਸ਼ਤ ਮੰਨ ਜਾਂਦਾ। ਸ਼ਹੀਦੀ ਸਮੇਂ ਆਪ ਦੇ ਸਾਥ ਵਾਲੇ ਸਰਦਾਰ ਬਲਵੰਤ ਸਿੰਘ ਜੀ ਸੂਬੇਦਾਰ ਜੀ ਨੇ ਦਸਿਆ ਜੋ ਪਹਿਲੀ ਛਵ੍ਹੀ ਸਾਨੂੰ ਵਜੀ ਤੇ ਉਹੋ ਦੂਜੀ ਵਾਰ ਸ਼ਹੀਦ ਹਜਾਰਾ ਸਿੰਘ ਨੂੰ ਵਜੀ ਤਾਂ ਡਿਗਦੇ ਨੇ ਇਹ ਆਖਿਆ, ਮਾਰ ਭਾਈ ਹੋਰ ਮਾਰ, ਸ਼ਹੀਦੀ ਪ੍ਰਾਪਤ ਹੋਵੇ ਤਾਂ ਹੋਰ ਕੀਹ ਚਾਹੀਦਾ ਹੈ। ਪਰ ਅਸਾਂ ਹਰਿਮੰਦਰ ਦੇ ਅੰਦਰ ਹੱਥ ਨਹੀਂ ਚੁਕਣਾ। ਧੰਨ !

ਉਪ੍ਰੰਤ ਸ੍ਰੀ ਦਰਬਾਰ ਸਾਹਿਬ ਜੀ ਦੇ ਤਦ ਤਕ ਦੇ ਪਰਬੰਧ ਵਾਸਤੇ ਜਦ ਤਕ ਸ਼ਰੋਮਣੀ ਕਮੇਟੀ ਵਲੋਂ ਪੱਕਾ ਪਰਬੰਧ ਨਾ ਹੋਵੇ, ਆਰਜ਼ੀ ਕਮੇਟੀ ਭਾਰੀ ਦੀਵਾਨ ਵਿਚ ਬਣਾਈ ਗਈ, ਜਿਸ ਦੇ ਸੇਵਾਦਾਰ ਨੀਯਤ ਹੋਏ—

(੧) ਸਰਦਾਰ ਬਲਵੰਤ ਸਿੰਘ ਜੀ ਸੂਬੇਦਾਰ ਕੁੱਲਾ ਪ੍ਰਧਾਨ ! (੨) ਸਰਦਾਰ ਧਰਮ ਸਿੰਘ ਜੀ ਰਈਸ



www.AKJ.Org

ਉਸਮਾ ਉਪ ਪ੍ਰਧਾਨ। (੩) ਸਰਦਾਰ ਮਤਾਬ ਸਿੰਘ ਜੀ ਹੈਡ-ਮਾਸਟਰ ਮੀਤ ਸੇਵਕ। (੪) ਸਰਦਾਰ ਬਿਸ਼ਨ ਸਿੰਘ ਜੀ ਨੰਬਰਦਾਰ। (੫) ਭਾਈ ਸੁੰਦਰ ਸਿੰਘ ਜੀ ਮੈਨੇਜਰ ਕਾਰਖਾਨਾ। (੬) ਭਾਈ ਸੰਤ ਸਿੰਘ ਜੀ ਸਕੱਤਰ ਸਿੰਘ ਸਭਾ। (੭) ਸਰਦਾਰ ਅਮਰ ਸਿੰਘ ਜੀ ਝਬਾਲ। (੮) ਸੁ੍ਰਜਾਨ ਭਾਈ ਤੇਜਾ ਸਿੰਘ ਜੀ ਜਥੇਦਾਰ ਅਕਾਲੀ ਦਲ। (੯) ਸਰਦਾਰ ਕਿਸ਼ਨ ਸਿੰਘ ਜੀ ਭੁੱਚਰ ਵਾਲੇ। (੧੦) ਸਰਦਾਰ ਹਜਾਰਾ ਸਿੰਘ ਜੀ ਜਾਮਾ ਰਾਇ। (੧੧) ਸਰਦਾਰ ਹਰਨਾਮ ਸਿੰਘ ਜੀ ਨੌਸ਼ਹਿਰਾ। (੧੨) ਸਰਦਾਰ ਤੇਜਾ ਸਿੰਘ ਜੀ ਪੰਡੋਰੀ। (੧੩) ਦਾਸ (ਮੋਹਨ ਸਿੰਘ ਵੈਦ) ਸਵਕ।

ਏਹ ਸਭ ਸਰਬ-ਸੰਮਤੀ ਨਾਲ ਪ੍ਰਵਾਨ ਹੋਏ। ਰਾਤ ਤਕ ਦੀਵਾਨ ਸਜਿਆ ਰਿਹਾ। ਸ਼ਾਮ ਨੂੰ ਤਸੀਲਦਾਰ ਜੀ ਤੇ ਇੰਨਸਪੈਕਟਰ ਜੀ ਨੇ ਪ੍ਰਬੰਧ ਵਾਸਤੇ ਇਰਦ ਗਿਰਦ ਦੇ ਮਕਾਨ ਵੇਖ ਕੇ ਡੀ. ਸੀ. ਦੇ ਹੁਕਮ ਅਨੁਸਾਰ ਜ਼ਮਾਨਤਾਂ ਮੁਕੰਮਲ ਕੀਤੀਆਂ। ਕਿਸੇ ਗ੍ਰੰਥੀ-ਪੁਜਾਰੀਆਂ ਨੂੰ ਪ੍ਰਕਰਮਾ ਵਿਚ ਨਹੀਂ ਆਉਣ ਦਿੱਤਾ। ਸ਼ਾਂਤੀ ਨਾਲ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਤੇ ਦੀਵਾਨ ਦਾ ਨਿਰਬਾਹ ਹੁੰਦਾ ਰਿਹਾ। ਰ. ਬ. ਸਰਦਾਰ ਬਸੰਤ ਸਿੰਘ ਜੀ ਵਲੋਂ ਆਪਣਾ ਬੁੰਗਾ ਪ੍ਰਕਰਮਾ ਸ੍ਰੀ ਦਰਬਾਰ ਸਾਹਿਬ ਜੀ ਵਿਚ ਧਰਮ-ਅਰਥ ਲਿਖੀ ਸਿਲ ਲਾਹ ਕੇ ਸਜਾਣਾ ਤੇ ਕਈ ਬੁੰਗਿਆਂ ਵਾਲਿਆਂ ਦੇ ਘਬਰਾਣ ਤੇ ਯਥਾ ਯੋਗ ਤਸੱਲੀਆਂ ਦਿਤੀਆਂ ਗਈਆਂ। ਦਰਸ਼ਨੀ ਡਿਉੜੀ, ਝੰਡੇ ਬੁੰਗੇ ਆਦਿ ਸ੍ਰੀ ਦਰਬਾਰ ਸਾਹਿਬ ਜੀ ਦੇ ਸੰਬੰਧਤ ਅਸਥਾਨਾਂ ਦੀ ਦੇਖ ਭਾਲ ਕੀਤੀ ਗਈ। ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ ਤੇ ਅੰਮ੍ਰਿਤ ਭਰੀ ਬਾਣੀ ਦੀ ਘਨਘੋਰ।

੨੮ ਜਨਵਰੀ ਨੂੰ ਮਰਯਾਦਾ ਅਨੁਸਾਰ ਅਕਾਲੀ ਦਲ ਤੇ ਹੋਰ ਪ੍ਰੇਮੀਆਂ ਵਲੋਂ ਸਾਰੀ ਸੇਵਾ ਦਾ ਨਿਰਬਾਹ ਹੋਇਆ, ਅਰਦਾਸੇ ਸਮੇਂ ਸ਼ਹੀਦ ਦੇ ਨਮਿੱਤ ਅਖੰਡਪਾਠ ਵਾਸਤੇ ਅਪੀਲ ਇਕ ਸੌ ਰੁਪਏ ਦੀ ਹੋਈ, ਜਿਸ ਪਰ ਸਰਦਾਰ ਧਰਮ ਸਿੰਘ ਸਾਹਿਬ ਜੀ ਰਈਸ ਉਸਮਾ ਨੇ ਕਿਹਾ ਕਿ ਏਹ ੧੦੦) ਮੈਂ ਦਿੰਦਾ ਹਾਂ ਤੇ ਸ਼ਹੀਦ ਦੀ ਯਾਦਗਾਰ ਵਾਸਤੇ ਭੀ ਜ਼ਰੂਰ ਉੱਦਮ ਹੋਣਾ ਚਾਹੀਦਾ ਹੈ, ਸੋ ਏਸ ਵਾਸਤੇ ਸ਼ੁਰੂ ਕਰਨ ਨੂੰ ਭੀ ੧੦੦) ਦਿੱਤਾ। ਤੇ ਹੋਰ ਅਰਦਾਸੇ ਯਾਦਗਾਰ ਤੇ ਲੰਗਰ ਵਾਸਤੇ ਅੱਡ ਅੱਡ ਬਹੁਤ ਸਾਰੇ ਹੋਏ। ਸਸਕਾਰ ਦਾ ਸਮਾ ੨ ਬਜੇ ਨਿਯਤ ਕੀਤਾ ਗਿਆ। ਸ਼ਹੀਦ ਦੀ ਫੋਟੋ ਲਾਈ ਗਈ, ਜੋ ਟੀ. ਐਸ. ਰਾਜਿੰਦਰ ਸਿੰਘ ਜਨਰਲ ਮਰਚੰਟ ਤਰਨਤਾਰਨ ਤੋਂ ਮਿਲ ਸਕਦੀ ਹੈ।

ਅੱਜ ਭੀ ਸੰਗਤਾਂ ਦੇ ਬੇਅੰਤ ਵਹੀਰ ਆਏ ਤੇ ਪੂਰੀ ਸਜ ਧਜ ਨਾਲ ਬਬਾਨ ਸ਼ਹਿਰ, ਸ੍ਰੀ ਦਰਬਾਰ ਸਾਹਿਬ ਜੀ ਦੀ ਯਾਤਰਾ ਕਰਵਾ, ਗੁਰੂ ਕੇ ਖੂਹ ਤੇ ਜਾ ਕੇ ਸਸਕਾਰ ਮਰਯਾਦਾ ਅਨੁਸਾਰ ਕੀਤਾ ਗਿਆ। ਉਥੇ ਹੀ ਇਹ ਅਫ਼ਵਾਹ ਉੱਡੀ ਕਿ ਇਕ ਹੋਰ ਸੱਜਣ ਫੱਟੜ ਚੜ੍ਹਾਈ ਕਰ ਗਏ ਹਨ, ਪਰ ਪਤਾ ਲੱਗਾ ਕਿ, ਇਹ ਝੂਠ ਹੈ। ਬਬਾਨ ਨਾਲ ਗਈਆਂ ਬੇਅੰਤ ਸੰਗਤਾਂ ਦਾ ਦੀਵਾਨ ਸਜ ਗਿਆ। ਸ਼ਬਦ ਕੀਰਤਨ ਸ਼ਹੀਦੀਆਂ ਦੇ ਉਪ੍ਰੰਤ ਸਰਦਾਰ ਦਾਨ ਸਿੰਘ ਜੀ ਤੇ ਗ੍ਰੰਥੀ ਪੁਜਾਰੀਆਂ ਦੀ ਸਫ਼ਾਈ ਤੇ ਮਾਫ਼ੀ-ਨਾਮਾ ਲੈ ਕੇ ਲਾਲਾ ਗਿਰਧਾਰੀ ਲਾਲ ਜੀ ਨੇ ਥੋੜ੍ਹੀ ਥੋੜ੍ਹੀ ਵਿਆਖਿਆ ਸ਼ਹੀਦ ਸੰਬੰਧੀ ਅਪਰਾਧੀਆਂ ਦੇ ਕਾਰੇ ਤੇ ਅਫ਼ਸਰਾਂ ਸੰਬੰਧੀ ਦਸਿਆ ਕਿ ਅਫਸਰਾਂ ਦੇ ਇਸ਼ਾਰੇ ਦਾ ਰੌਲੇ ਗੌਲੇ ਜਾਂ ਅਮਨ ਤੇ ਬਹੁਤ ਅਸਰ ਪੈਂਦਾ ਹੈ। ਸਿੱਖਾਂ ਦਾ ਧਰਮ ਇਹੋ ਸਿਖਾਉਂਦਾ ਹੈ ਕਿ ਜੇ ਕਈ ਬੁਰਿਆਈ ਕਰੇ ਭੀ ਤਾਂ ਭੁਲਾ ਦਿੱਤੀ ਜਾਵੇ, ਧੀਰਜ ਤੇ ਸ਼ਾਂਤੀ ਦਾ ਹਥਿਆਰ ਵੱਡਾ ਜ਼ੋਰ ਵਾਲਾ ਹੁੰਦਾ ਹੈ, ਗਲਤੀ ਤੇ ਬੁਰਿਆਈ ਕਰ ਕੇ ਭੀ ਕੋਈ ਪਛਤਾਵੇ ਤੇ ਸਚਾਈ ਨਾਲ ਮਾਫ਼ੀ ਮੰਗੇ ਤਾਂ ਮਾਫ ਕਰਨ ਦਾ ਵਿਚਾਰ ਜ਼ਰੂਰੀ ਹੁੰਦਾ ਹੈ। ਅਜਿਹੀਆਂ ਸ਼ਹੀਦੀਆਂ ਹੀ ਕਾਰਜਾਂ ਦੀ ਸਿਖੀ ਦਾ ਕਾਰਨ ਹੁੰਦੀਆਂ ਹਨ। ਸਫਲ ਹੈ ਇਹੋ ਜਿਹਾ ਮਰਨਾ। ਨਹੀਂ, ਇਹ ਮਰਨਾ ਸਦਾ ਦਾ ਜੀਵਨ ਹੈ। ਅਜਿਹੇ ਜੀਵਨ ਤੋਂ ਆਤਮਕ ਉੱਨਤੀ ਦਾ ਸਬਕ ਸਿੱਖੋ। ਜੋਸ਼ ਨੂੰ ਨੇੜੇ ਭੀ ਨਾ ਆਉਣ ਦੇਵੋ। ਕਰਤਾਰ ਦੀ ਰਜ਼ਾ ਵਿਚ ਜੋ ਹੁੰਦਾ ਹੈ, ਚੰਗਾ ਹੈ। ਵਿਆਖਿਆ ਵਿਚ ਕਹੀਆਂ ਗਈਆਂ ਕਈ ਵਾਧੂ ਤੇ ਅਸੰਗਤ ਬਾਤਾਂ ਨੂੰ ਸੰਗਤਾਂ ਨੇ ਅਯੋਗ ਭੀ ਜਾਣਿਆ ਤੇ ਆਖਿਆ।



www.AKJ.Org

ਏਨ੍ਹਾਂ ਦੇ ਉਪ੍ਰੰਤ ਸਰਦਾਰ ਮਤਾਬ ਸਿੰਘ ਜੀ ਹੈਡਮਾਸਟਰ ਨੇ ਡਾਢੇ ਪ੍ਰੇਮ ਤੇ ਦਿਲ-ਖਿੱਚਵੇਂ ਸ਼ਬਦਾਂ ਵਿਚ ਦੱਸਿਆ ਕਿ :—ਦਾਤਾਰ ਜੀ ਦੀ ਸਾਜੀ ਨਿਵਾਜੀ ਸੰਗਤ ! ਇਹ ਅਕਾਲੀ ਦਲ ਅਕਾਲ ਪੁਰਖ ਜੀ ਦੀ ਪ੍ਰੇਰਨਾ ਨਾਲ ਹੀ ਗੁਰਦੁਆਰਿਆਂ ਦੇ ਸੁਧਾਰ ਵਾਸਤੇ ਸਾਜਨਾ ਹੋਇਆ ਹੈ, ਪਰ ਇਹ ਗੱਲ ਬੜੀ ਹੀ ਵਿਚਾਰ ਵਾਲੀ ਹੈ ਕਿ ਇਸੇ ਦਲ ਨੇ ਸ੍ਰੀ ਅਕਾਲ ਤਖਤ, ਸਿਆਲਕੋਟ, ਲਾਹੌਰ, ਪੰਜਾ ਸਾਹਿਬ ਤੇ ਪਿਸ਼ਾਵਰ ਜਿਹੀਆਂ ਥਾਵਾਂ ਤੇ ਭੀ ਭੈੜੇ ਸੇਵਕਾਂ ਦੀ ਸੋਧ ਕੀਤੀ ਤੇ ਓਨਾਂ ਦੇ ਹਥੋਂ ਗੁਰਦਵਾਰੇ ਸਵਤੰਤਰ ਗੁਰੂ ਅਰਪਨ ਕਰਵਾਏ, ਪਰ ਕਿਤੇ ਏਥੋਂ ਤਕ ਨੌਬਤ ਨਾ ਪਹੁੰਚੀ । ਪਰ ਇੱਥੇ ਸ੍ਰੀ ਤਰਨ ਤਾਰਨ ਸਾਹਿਬ ਜੀ ਏਤਨੇ ਫੱਟੜ ਤੇ ਏਹ ਸ਼ਹੀਦੀ ਤਕ ਨੌਬਤ ਪਹੁੰਚੀ ਕਿਉਂ ? ਏਹ ਅਸਥਾਨ ਸ਼ਾਂਤੀ-ਪੁੰਜ ਕੁਰਬਾਨੀ ਦੇ ਮੋਢੀ ਪ੍ਰੇਮ ਮੂਰਤਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਮੁਲ ਖ਼ਰੀਦ ਕੇ ਗੁਰਦਵਾਰਾ ਸਥਾਪਨ ਕੀਤਾ । ਜਦੋਂ ਅੱਤ ਦੇ ਜ਼ੁਲਮ ਹੋ ਰਹੇ ਸਨ ਤਾਂ ਉਨ੍ਹਾਂ ਜ਼ਾਲਮਾਂ ਦਾ ਨਾਸ਼ ਕਰਨ ਵਾਂਸਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪਹਿਲੀ ਕੁਰਬਾਨੀ ਕੀਤੀ, ਜਿਸ ਤੋਂ ਗੁਰਸਿਖਾਂ ਵਿਚ ਕੁਰਬਾਨੀ ਦੀ ਅਦੁਤੀ ਸ਼ਕਤੀ ਦੀ ਲਹਿਰ ਤੁਰ ਪਈ ਤੇ ਅੰਤ ਜ਼ਾਲਮਾਂ ਦਾ ਨਸ਼ਟ ਹੋਇਆ । ਸੋ ਹੁਣ ਐਸ ਸਮੇਂ ਗੁਰਦਵਾਰਿਆਂ ਦੇ ਸੁਧਾਰ ਵਾਸਤੇ ਭੀ ਪਹਿਲੀ ਕੁਰਬਾਨੀ ਏਥੇ ਹੀ ਹੋਈ ਹੈ, ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਹੁਣ ਗੁਰਦਵਾਰੇ ਜ਼ਰੂਰ ਹੀ ਛੇਤੀ ਸਵਤੰਤਰ ਹੋ ਜਾਵਣਗੇ, ਅਰਥਾਤ, ਨੀਚ ਪੁਰਸ਼ਾਂ ਦੇ ਹੱਥੋਂ ਨਿਕਲ ਜਾਵਣਗੇ ਤੇ ਕੁਰਬਾਨੀ ਦੀ ਰੌ ਭੀ ਸ਼ਾਂਤੀ ਨਾਲ ਹੀ ਚੱਲ ਪਵੇਗੀ । ਓਸ ਸਮੇਂ ਜ਼ੁਲਮ ਹਾਕਮਾਂ ਵਲੋਂ ਹੋ ਰਹੇ ਸਨ, ਪਰ ਸ਼ੁਕਰ ਹੈ ਕਿ ਹੁਣ ਦੇ ਸਮੇਂ ਵਿਚ ਹਾਕਮਾਂ ਵਲੋਂ ਬੁਰਿਆਂ ਦੇ ਸੁਧਾਰ, ਅਮਨ ਤੇ ਸ਼ਾਂਤੀ ਦੇ ਕਾਇਮ ਰੱਖਣ ਵਾਸਤੇ ਪੂਰੀ ਸਹਾਇਤਾ ਹੁੰਦੀ ਹੈ । ਜਿਹਾ ਕਿ ਸਾਡੇ ਮੁਕਾਮੀ ਅਫਸਰਾਂ ਨੇ ਐਸ ਸਮੇਂ ਸਚਾਈ ਤੇ ਇਨਸਾਫ਼ ਦੀ ਪੂਰੀ ਦਾਦ ਦਿੱਤੀ ਹੈ। ਆਦਿਕ । ਇਸ ਤੇ ਉਪ੍ਰੰਤ ਸੰਗਤਾਂ ਵਾਪਸ ਆਈਆਂ । ਸ਼ਹੀਦ ਹਜ਼ਾਰਾ ਸਿੰਘ ਜੀ ਦੇ ਨਮਿੱਤ ਸ੍ਰੀ ਦਰਬਾਰ ਸਾਹਿਬ ਜੀ ਦੇ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਅਰੰਭ ਕਰਵਾਇਆ ਗਿਆ । ਫੱਟੜਾਂ ਦੀ ਦਸ਼ਾ ਚੰਗੀ ਰਹੀ । ਸ਼ਹੀਦ ਹਜ਼ਾਰਾ ਸਿੰਘ ਜੀ ਦੇ ਮਾਤਾ ਜੀ, ਭੈਣ ਦੋ, ਸਪੁਤਰ ਆਦਿ ਸਾਰਾ ਪਰਵਾਰ ਆਇਆ । ਸੰਗਤਾਂ ਵਲੋਂ ਭਾਣਾ ਮੰਨਣ ਦੀ ਪ੍ਰੇਰਨਾ ਕੀਤੀ ਗਈ । ਸਤਿਗੁਰੂ ਜੀ ਦੇ ਚਰਨਾਂ ਵਿਚ ਪਰਵਾਰ ਨੂੰ ਸ਼ਾਂਤੀ ਸਿਦਕ ਭਰੋਸਾ ਬਖਸ਼ਣ ਦੀ ਬੇਨਤੀ ਕੀਤੀ ਗਈ । ਸਾਰੇ ਕਾਰਜ ਸ਼ਾਂਤੀ ਨਾਲ ਪੂਰਨ ਹੋਏ । ਸੰਗਤਾਂ ਥਾਂ ਪਰ ਥਾਂ ਪਧਾਰੀਆਂ ।

੨੯ ਜਨਵਰੀ ਨੂੰ ਸਾਰੇ ਕਾਰਜ ਮਰਯਾਦਾ ਅਨੁਸਾਰ ਨਿਰਬਾਹ ਹੁੰਦੇ ਰਹੇ । ਦੁਪਹਿਰ ਦੇ ਕਰੀਬ ਕਿਸੇ ਫ਼ਸਾਦੀ ਨੇ ਪ੍ਰਕਰਮਾ ਦੇ ਬੋਹੜ ਹੇਠ ਦੀ ਮੂਰਤੀ ਵੱਲ ਲੋਗਾਂ ਨੂੰ ਸ਼ਰ ਦਿੱਤੀ, ਪਰ ਜੱਥੇਦਾਰ ਜੀ ਨੂੰ ਪਤਾ ਲੱਗਾ ਓਨ੍ਹਾਂ ਉਸੇ ਵੇਲੇ ਆਪ ਜਾ ਕੇ ਗੁੱਸੇ ਹੋ ਕੇ ਰੋਕ ਦਿੱਤੇ । ਅਜਿਹੇ ਹੀ ਕਿਸੇ ਫ਼ਸਾਦੀ ਨੇ ਦੂਜੇ ਪਾਸੇ ਹਨੂੰਮਾਨ ਦੇ ਭਗਤਾਂ ਨੂੰ ਜਾ ਕਿਹਾ, ਮੂਰਤੀ ਤੋੜ ਦਿੱਤੀ, ਆਹ ਕੀਤਾ, ਅਹੁ ਕੀਤਾ, ਕਈ ਤਾਂ ਜੋਸ਼ ਦੀ ਹਨੇਰੀ ਵਿਚ ਹੱਦੋਂ ਭੀ ਵੱਧ ਟੁਰੇ, ਪਰ ਸਮਝਾਏ ਗਏ, ਜਾ ਕੇ ਵੇਖ ਕੇ ਸ਼ਰਮਿੰਦੇ ਹੋਏ। ਪੁਲੀਸ ਅਫਸਰਾਂ ਨੇ ਸ਼ਹੀਦ ਸੰਬੰਧੀ ਬਾਕੀ ਫਟੜਾਂ ਤੇ ਕੁਝ ਹੋਰ ਸੱਜਣਾਂ ਦੇ ਬਿਆਨ ਕਲਮ-ਬੰਦ ਕੀਤੇ । ਲੌਢੇ ਵੇਲੇ ਦੇ ਦੀਵਾਨ ਵਿਚ ਸਬ ਕਮੇਟੀ ਦੇ ਦੋ ਮੈਂਬਰ (੧੪) ਸ੍ਰੀ ਮਾਨ ਬਾਬਾ ਕੇਹਰ ਸਿੰਘ ਜੀ (੧੫) ਸਰਦਾਰ ਤੇਜਾ ਸਿੰਘ ਜੀ ਬੁਰਜਾਂ ਵਾਲੇ ਵਧਾਏ ਗਏ । ਦੀਵਾਨ ਦੇ ਵਿਚ ਪਤਾ ਲੱਗਾ ਕਿ ਕੁਝ ਪੁਜਾਰੀਆਂ ਦੇ ਹਿਮੈਤੀ ਪਿੰਡ ਪਿੱਦੀ ਤੇ ਸੰਘੇ ਫ਼ਸਾਦ ਵਾਸਤੇ ਆਏ ਹਨ, ਪਰ ਸੰਗਤਾਂ ਨੇ ਨਿਰਭੈ ਹੋ ਕੇ ਗੁਰੂ ਦਾ ਆਸਰਾ ਦੱਸਿਆ ਤੇ ਆਂਦਿਆਂ ਨੂੰ ਜੀ ਸਦਕੇ ਆਉਣ ਆਖਿਆ । ਇਹ ਭੀ ਪਤਾ ਲੱਗਾ, ਜੁ ਮੁਕਾਮੀ ਅਫ਼ਸਰਾਂ ਨੂੰ ਪਤਾ ਲੱਗ ਗਿਆ ਹੈ. ਓਨ੍ਹਾਂ ਵਲੋਂ ਯੋਗ ਪ੍ਰਬੰਧ ਕੀਤਾ ਗਿਆ ਹੈ । ਕੁਝ ਪੁਜਾਰੀਆਂ ਵਲੋਂ ਕਿਸੇ ਕਿਸੇ ਸੇਵਕ ਤੇ ਵਾਰ ਤਕਾਨ ਦਾ ਭੀ ਰਾਤ ਪਤਾ ਮਿਲਿਆ. ਪਰ ਸਭ ਸੁੱਖ ਸ਼ਾਂਤਿ ਰਹੀ, ਅਕਾਲ ਪੁਰਖ ਜੀ ਸਹਾਈ ਹੋਵਣ ।

੩੦ ਜਨਵਰੀ ਨੂੰ ਭੀ ਮਰਯਾਦਾ ਅਨੁਸਾਰ ਗੁਰਦਵਾਰੇ ਦੀ ਸਾਰੀ ਸੇਵਾ ਅਕਾਲੀ ਦਲ ਵਲੋਂ ਸ਼ਾਂਤੀ ਨਾਲ ਨਿਰਬਾਹ ਹੋਈ । ਸ਼ਹੀਦ ਹਜਾਰਾ ਸਿੰਘ ਜੀ ਦੇ ਨਮਿੱਤ ਅਖੰਡ ਪਾਠ ਦਾ ਭੋਗ ਪਿਆ । ਪਤਾ ਲੱਗਾ ਜੁ


www.AKJ.Org

ਸਤਲਾਣੀ ਵਾਲਿਆਂ ਦੇ ਬੁੰਗੇ ਸਾਰੇ ਗ੍ਰੰਥੀ ਪੁਜਾਰੀ ਇਕੱਠੇ ਹੋਏ, ਪਹਿਲੇ ਆਪਣੀ ਕਮੇਟੀ ਕਰਦੇ ਰਹੇ ਹਨ, ਫਿਰ ਉਥੇ ਹੀ ਪੁਲੀਸ ਵਾਲਿਆਂ ਨੂੰ ਬਿਆਨ ਕਲਮ-ਬੰਦ ਕਰਵਾਏ ਹਨ। ਦੁਪਹਿਰ ਪਿਛੋਂ ਸ੍ਰੀ ਦਰਬਾਰ ਸਾਹਿਬ ਜੀ ਝੰਡੇ ਬੁੰਗੇ ਪਾਸ ਵੱਡਾ ਭਾਰਾ ਦੀਵਾਨ ਲੱਗਾ। ਸਾਰਾ ਸਮਾਂ ਸੁਖ ਸ਼ਾਂਤੀ ਅਮਨ ਨਾਲ ਨਿਰਬਾਹ ਹੋਇਆ। ਪਰ ਫ਼ਸਾਦ ਦਾ ਅੰਦੇਸ਼ਾ ਅਜੇ ਦੂਰ ਨਹੀਂ ਹੋਇਆ।

੩੧ ਜਨਵਰੀ ਨੂੰ ਭੀ ਮਰਯਾਦਾ ਅਨੁਸਾਰ ਸਾਰੇ ਕਾਰਜ ਅਕਾਲੀ ਦਲ ਵਲੋਂ ਹੁੰਦੇ ਰਹੇ, ਅਕਾਲੀ ਦਲ ਦੇ ਸੇਵਕਾਂ ਵਿਚ ਭਾਵੇਂ ਕੋਈ ਢਿਲੜ ਸ਼ਾਮਲ ਨਹੀਂ ਹੋ ਸਕਦਾ, ਤਿਆਰ ਬਰ ਤਿਆਰ ਸਿੰਘਾਂ ਦੇ ਬਿਨਾਂ ਉਨ੍ਹਾਂ ਦੇ ਲੰਗਰ ਵਿਚ ਕੋਈ ਪੈਰ ਭੀ ਨਹੀਂ ਪਾ ਸਕਦਾ, ਪਰ ਓਹ ਲੰਗਰ ਗੁਰੂ ਦਾ, ਤੇ ਅੰਨ ਦਾ ਅਧਿਕਾਰੀ ਸਭ ਨੂੰ ਸਮਝਦੇ ਹਨ। ਏਸ ਤੇ ਉਨ੍ਹਾਂ ਦੇ ਅਤੁਟ ਲੰਗਰ ਦੇ ਵਰਤਾਰੇ ਸਮੇਂ ਜੋ ਭੀ ਆ ਜਾਵੇ, ਓਸ ਨੂੰ ਓਹ ਅੰਨ ਤੋਂ ਵਿਰਵਾ ਨਹੀਂ ਰੱਖਦੇ। ਇਸ ਪਰ ਕਈ ਫ਼ਸਾਦੀਆਂ ਵਲੋਂ ਧੁਮਾਇਆ ਗਿਆ ਕੁ ਏਹ ਚੂੜ੍ਹੇ ਚਮਿਆਰਾਂ ਨਾਲ ਖਾਂਦੇ ਪੀਂਦੇ ਹਨ, ਇਹ ਕੋਈ ਪਰਹੇਜ਼ ਨਹੀਂ ਰੱਖਦੇ, ਆਦਿਕ। ਪਰ ਕੂੜ ਆਪ ਹੀ ਨਿਖੁੱਟ ਜਾਂਦਾ ਹੈ ਤੇ ਜ਼ਰੂਰ ਨਿਖੁੱਟੇਗਾ। ਕਈ ਗੁਰਮਤਿ-ਵਿਰੋਧੀਆਂ ਵਲੋਂ, ਜਿਨ੍ਹਾਂ ਵਿਚ ਕਈ ਸ਼ਕਲ ਦੇ ਸਿੱਖ ਭੀ ਹਨ, ਸੁਣਿਆ ਹੈ ਇਕ ਕਮੇਟੀ ਠਾਕੁਰਦਵਾਰੇ ਬੈਠੀ ਤੇ ਮਤਾ ਪਕਾਇਆ ਕਿ ਕੋਈ ਹਿੰਦੂ ਸ੍ਰੀ ਦਰਬਾਰ ਸਾਹਿਬ ਨਾ ਜਾਵੇ, ਠਾਕੁਰਦਵਾਰੇ ਸਵੇਰੇ ਤੇ ਸ਼ਾਮ ਨੂੰ ਆਵੇ। ਜੇ ਸ੍ਰੀ ਦਰਬਾਰ ਸਾਹਿਬ ਜੀ ਜਾਵੇ ਤਾਂ ਪ੍ਰਸ਼ਾਦ ਨਾ ਲਵੇ, ਆਦਿਕ। ਸੋ ਚੰਗਾ ਹੈ ਆਪੋ ਆਪਣੇ ਇਸ਼ਟ ਤੇ ਹਰ ਇਕ ਪੱਕਾ ਹਵੇ ਤਾਂ ਸੰਸਾਰ ਸਾਰਾ ਹੀ ਸੁਖੀ ਹੋ ਜਾਵੇ। ਇਸ਼ਟ ਤੋਂ ਭ੍ਰਸ਼ਟ ਆਦਮੀਆਂ ਨੂੰ ਕਿਤੇ ਭੀ ਢੋਈ ਨਹੀਂ।

ਸ੍ਰੀ ਦਰਬਾਰ ਸਾਹਿਬ ਜੀ ਦੇ ਸਾਰੇ ਕਾਰਜ ਸੁਖ ਸ਼ਾਂਤੀ ਅਮਨ ਨਾਲ ਨਿਭ ਰਹੇ ਹਨ। ਅੱਜ ਤਕ ਦੇ ਸੰਖੇਪ ਜਿਹੇ ਹਾਲ ਹਨ। ਅੱਗੇ ਜੋ ਅਕਾਲ ਪੁਰਖ ਜੀ ਦੇ ਹੁਕਮ ਵਿਚ ਹੋਵੇਗਾ, ਵੇਖਿਆ ਸੁਣਿਆ ਜਾਵੇਗਾ। ਸਤਿਗੁਰੂ ਜੀ ਸਭ ਨੂੰ ਸਿੱਧੇ ਸੱਚੇ ਮਾਰਗ ਤੇ ਪਾਵਣ ਤੇ ਸਹਾਈ ਹੋਵਣ।

ਇਹ ਖਰੜਾ ੩੧ ਜਨਵਰੀ ਰਾਤ ਤਕ ਮੁਕੰਮਲ ਕਰ ਕੇ ਯਤਨ ਕੀਤਾ ਗਿਆ ਜੋ ਬਹੁਤ ਛੇਤੀ ਇਹ ਸਾਰੇ ਹਾਲ ਪਬਲਕ ਦੇ ਸਾਹਮਣੇ ਆ ਜਾਵਣ, ਪਰ ਪ੍ਰੈਸ ਦੀਆਂ ਔਕੜਾਂ ਕਰਕੇ ਅੱਜ ੧੬ ਫਰਵਰੀ ਤਕ ਪਰੂਫ ਦੇਖਣੇ ਭੀ ਨਸੀਬ ਨਹੀਂ ਹੋਏ। ਏਸ ਸਮੇਂ ਵਿਚ ਬੀਤੇ ਸਮਾਚਾਰ ਲਿਖੇ ਜਾਵਣ ਤਾਂ ਏਤਨੀ ਹੀ ਲਿਖਤ ਹੋਰ ਹੋ ਜਾਵਣ ਦਾ ਡਰ ਹੈ। ਸ਼ੋਕ ਸਮਾਚਾਰ ਇਹ ਹੈ ਕਿ ੪ ਫ਼ਰਵਰੀ ਨੂੰ ਦੂਜੇ ਸ਼ਹੀਦ ਸ੍ਰੀਮਾਨ ਭਾਈ ਹੁਕਮ ਸਿੰਘ ਜੀ ਵਸਾਊਕੋਟ ਜ਼ਿਲਾ ਗੁਰਦਾਸਪੁਰ ਵਾਲੇ ਭੀ ਗੁਰਪੁਰੀ ਸਿਧਾਰ ਗਏ ਤੇ ਸੰਗਤਾਂ ਵਲੋਂ ਉਸੇ ਤਰ੍ਹਾਂ ਸ਼ੁਕਰਾਨੇ ਵਿਚ ਰਹਿ ਕੇ ਸਜ ਧਜ ਨਾਲ ਆਪ ਦਾ ਸਸਕਾਰ ਕੀਤਾ ਗਿਆ। ਇਹ ਸਤਿਗੁਰ ਜੀ ਦਾ ਦੁਲਾਰਾ ਬੜਾ ਹੀ ਗੁਰਮੁਖ ਸਿਦਕ ਭਰੋਸਾ ਰਹਿਣੀ ਬਹਿਣੀ ਵਾਲਾ ਅਕਾਲੀ ਦਲ ਦੀ ਸਾਜਨਾ ਤੋਂ ਹੀ ਸੇਵਾ ਵਿਚ ਲੱਗਾ ਹੋਇਆ ਵੱਧ ਤੋਂ ਵੱਧ ਸੇਵਾ ਕਰਨ ਵਾਲਾ ਸੀ। ਸਤਿਗੁਰੂ ਜੀ ਦਾ ਭਾਣਾ ਅਮਿਟ ਹੈ। ਏਸ ਬਾਕੀ ਸਮੇਂ ਦੇ ਹੋਰ ਭੀ ਕਈ ਭੁਲੇਖੇ ਦੂਰ ਕਰਨ ਯੋਗ ਹਨ ਜਿਹਾ ਕਿ ਸਰਕਾਰੀ ਕਮਿਊਨਕ ਵਿਚ ਦੇ ਭੁਲੇਖੇ, ਕਈ ਅਖ਼ਬਾਰਾਂ ਦੇ ਭੁਲੇਖਿਆਂ ਦੇ ਲੇਖ, "ਸ਼ਾਂਤੀ" ਵਗੈਰਾ ਵਿਚ ਅਕਾਲੀ ਦਲ ਦੇ ਅਣਦੇਸ਼ੇ ਦੋਸ਼ ਆਦਿਕ, ਪਰ ਰੋਕ ਉਹੋ ਉੱਪਰ ਲਿਖੀ ਹੈ ਤੇ ਏਨ੍ਹਾਂ ਬਾਬਤ ਹਾਲ ਪਾਠਕ ਸੱਜਣ ਪੰਜਾਬ ਦਰਪਣ, ਪੰਥ ਸੇਵਕ ਆਦਿ ਵਿਚੋਂ ਪੜ੍ਹ ਸਕਦੇ ਹਨ। ਜੱਥੇ ਦੇ ਜ਼ਖ਼ਮੀ ਸਿੰਘ ਬਾਕੀ ਰਾਜ਼ੀ ਹੋ ਰਹੇ ਹਨ, ਤੇ ਦੋ ਕੁ ਸਿੰਘ ਜੋ ਅਜੇ ਤਕ ਖ਼ਤਰੇ ਵਿਚ ਸਨ, ੧੪ ਫ਼ਰਵਰੀ ਤੋਂ ਚੰਗੀ ਸਿਹਤ ਵੱਲ ਆ ਰਹੇ ਹਨ। ਸਤਿਗੁਰੂ ਜੀ ਕ੍ਰਿਪਾਲਤਾ ਕਰਨ, ਜੋ ਸਾਰੇ ਸਤਿਗੁਰੂ ਜੀ ਦੇ ਦੁਲਾਰੇ ਆਨੰਦ ਪ੍ਰਸੰਨ ਹੋ ਕੇ ਸੁਖ ਮਾਣਦੇ ਪੰਥ ਸੇਵਾ ਵਿਚ ਲੱਗੇ ਰਹਿਣ। ਜਿਹੜੇ ਪੁਜਾਰੀ ਸਿੰਘਾਂ ਵਲੋਂ ਫ਼ਰਜ਼ੀ ਮੰਜੇ ਪਏ ਸਨ, ਸਭ ਰਾਜ਼ੀ ਖ਼ੁਸ਼ੀ ਤਦੋਂ ਤੋਂ ਹੀ ਆਪਣੇ ਕੰਮ ਧੰਦਿਆਂ ਵਿਚ ਲੱਗੇ ਹੋਏ ਹਨ ਤੇ ਜਦੋਂ ਪਤਾ ਲਗਾ ਸੀ ਕਿ ਜਿਹੜੇ ਫਟੜ ਹਨ ਓਹ ਮੁਜਰਮ ਸਮਝੇ ਜਾਵਣਗੇ ਤਦੋਂ ਹੀ ਸਭ ਰਾਜ਼ੀ ਖ਼ੁਸ਼ੀ ਹੋ ਗਏ ਸਨ। ਕੇਵਲ ਇਕ ਦੁਹਾਂ ਬਾਬਤ ਸੁਣਿਆ ਹੈ ਕਿ ਜਿਨ੍ਹਾਂ ਨੂੰ ਨੱਠਦੇ ਹੋਏ ਡਾਂਗ ਸੋਟੇ ਵੱਜੇ, ਪੱਟੀ ਕਰਵਾ ਰਹੇ ਹਨ ਤੇ ਇਕ ਅਪਰਾਧੀ ਬਹੁਤ ਔਖਾ ਸੁਣੀਦਾ ਹੈ। ਕਈ ਅਣਦੇਸ਼ੇ ਇਕੋ ਗਿਣਤੀ ਵਿਚ ਆਵਣ ਦਾ ਸੁਧਾਰ ਲੋੜਦੇ ਹਨ। ਸਤਿਗੁਰੂ ਜੀ ਸੁਮਤ ਬਖ਼ਸ਼ਣ। ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

www.AKJ.Org

# ਹੋਰੁ ਖਾਣਾ ਖੁਸੀ ਖੁਆਰੁ

[ਪ੍ਰੋ: ਹਰਨਾਮ ਸਿੰਘ ਜੀ, ਡੀ-11, ਈਸਟ ਆਫ਼ ਕੈਲਾਸ਼, ਨਵੀਂ ਦਿੱਲੀ-65]

ਹਰ ਜੀਵ ਨੂੰ ਅਪਣੀ ਸਰੀਰਕ ਕਿਰਿਆ ਚਲਾਣ ਲਈ ਕੁਝ ਖ਼ੁਰਾਕ ਦੀ ਲੋੜ ਹੁੰਦੀ ਹੈ। ਕੁਦਰਤ ਨੇ ਸਾਰੇ ਜੀਵਾਂ ਲਈ ਖ਼ੁਰਾਕ ਨਿਸਚਿਤ ਕਰ ਦਿਤੀ ਹੋਈ ਹੈ। ਕਈ ਜੀਵ ਮਾਸਾਹਾਰੀ ਹੁੰਦੇ ਹਨ ਤੇ ਕਈ ਸਾਕਾਹਾਰੀ। ਕਈ ਦੋਵੇਂ ਪ੍ਰਕਾਰ ਦਾ ਭੋਜਨ ਖਾਂਦੇ ਹਨ। ਮਨੁਖ ਨੂੰ ਕਰਤਾਰ ਨੇ ਸਾਰੀ ਕਾਇਨਾਤ ਵਿਚ ਸਭ ਤੋਂ ਉੱਤਮ ਪਦਵੀ ਦਿਤੀ ਹੈ– ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥੪॥੧੨॥

[ਆਸਾ ਮ: ੫–੩੭੪

ਮਨੁਖ ਦੀ ਸਿਕਦਾਰੀ ਜਾਂ ਸਿਰਦਾਰੀ ਇਸ ਲਈ ਹੈ ਕਿਉਂਕਿ ਕਰਤਾ ਪੁਰਖ ਨੇ ਮਨੁਖ ਨੂੰ ਬੁਧੀ ਦਿਤੀ ਹੈ, ਜਿਸ ਦੀ ਦੂਜੇ ਜੀਵਾਂ ਵਿਚ ਘਾਟ ਹੈ। ਬੁਧੀ ਕਰਕੇ ਹੀ ਮਨੁਖ ਚੰਗੇ ਮੰਦੇ ਦੀ ਪਛਾਣ ਕਰ ਸਕਦਾ ਹੈ। ਖਾਣ ਪੀਣ ਦੇ ਸੰਬੰਧ ਵਿਚ ਮਨੁਖ, ਬੁਧੀ ਨਾਲ ਸੋਚ ਵਿਚਾਰ ਕੇ ਅਖਾਧ ਵਸਤੂ ਨੂੰ ਤਿਆਗ, ਖਾਣ ਦੇ ਲਾਇਕ ਵਸਤੂ ਨੂੰ ਆਪਣਾ ਆਹਾਰ ਬਣਾ ਸਕਦਾ ਹੈ। ਪਰ ਦੁਰਭਾਗ ਦੀ ਗੱਲ ਹੈ ਕਿ ਮਨੁਖ–

ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥੨॥੯੧॥ [ਸਿਰੀ ਰਾਗੁ ਮ: ੫–ਪੰ: ੫੦

ਗੁਰਬਾਣੀ ਵਿਚ ਮਨੁਖ ਨੂੰ ਹਰਕਾਏ ਕੁੱਤੇ ਨਾਲ ਉਪਮਾ ਦੇ ਕੇ ਖ਼ੁਰਾਕ ਸੰਬੰਧੀ ਚੇਤਾਵਨੀ ਦਿਤੀ ਹੈ। ਮਨੁਖ ਜਾਣ ਬੁਝ ਕੇ ਖਾਣ ਦੇ ਮਾਮਲੇ ਵਿਚ ਪੂਰੀ ਲਾਪਰਵਾਹੀ ਵਰਤ ਰਿਹਾ ਹੈ। ਇਹ ਸਭ ਕੁਝ ਲੋਭ ਦੇ ਵਸ, ਜਾਂ ਜ਼ਬਾਨ ਦੇ ਚਸਕੇ ਕਾਰਨ ਹੀ ਹੋ ਰਿਹਾ ਹੈ।

ਮਨੁਖ ਦੀ ਸਰੀਰਕ ਬਣਤਰ ਹੀ ਅਜਿਹੀ ਹੈ ਕਿ ਉਸ ਲਈ ਖਾਣ ਪੀਣ ਦੇ ਮਾਮਲੇ ਵਿਚ ਸੰਜਮ ਵਰਤਣਾ ਜ਼ਰੂਰੀ ਹੈ। ਮਾਸ ਕੇਵਲ ਉਨ੍ਹਾਂ ਜੀਵਾਂ ਦੀ ਖ਼ੁਰਾਕ ਹੈ ਜਿਹੜੇ ਜੀਭ ਨਾਲ ਲਕ ਕੇ ਪਾਣੀ ਪੀਂਦੇ ਹਨ ਤੇ ਜਿਨ੍ਹਾਂ ਦੀਆਂ ਅੱਖਾਂ ਰਾਤ ਦੇ ਅਨ੍ਹੇਰੇ ਵਿਚ ਚਮਕਦੀਆਂ ਹਨ ਤੇ ਜਿਨ੍ਹਾਂ ਦੇ ਦੰਦਾਂ ਦੇ ਜਬਾੜਿਆਂ ਦੀ ਬਣਤਰ ਵੀ ਦੂਜੇ ਜੀਵਾਂ ਨਾਲੋਂ ਅਡਰੀ ਹੁੰਦੀ ਹੈ। ਇਸ ਵਰਗ ਵਿਚ ਕੁੱਤਾ, ਬਿੱਲਾ, ਸ਼ੇਰ, ਬਘਿਆੜ ਆਦਿ ਪਸ਼ੂ ਆਉਂਦੇ ਹਨ। ਮਨੁਖ ਡੀਕ ਲਾ ਕੇ ਪਾਣੀ ਪੀਂਦਾ ਹੈ, ਇਸ ਲਈ ਮਾਸ ਦੀ ਥਾਂ ਤੇ ਕੁਦਰਤ ਨੇ ਇਸ ਦੇ ਲਈ ਸ਼ਾਕਾਹਾਰੀ ਭੋਜਨ ਨਿਸਚਿਤ ਕੀਤਾ ਹੋਇਆ ਹੈ। ਪਰ ਮਨੁਖ ਕੁਦਰਤ ਦੇ ਇਸ ਨਿਯਮ ਦਾ ਬਿਨਾਂ ਸੋਚੇ ਸਮਝੇ ਉਲੰਘਣ ਕਰ ਰਿਹਾ ਹੈ। ਸਿੱਟਾ ਇਹੋ ਕਿ ਉਹ ਕਈ ਪ੍ਰਕਾਰ ਦੇ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ। ਡਾਕਟਰਾਂ ਨੇ ਖੋਜ ਕਰਕੇ ਇਹ ਸਿੱਟਾ ਕੱਢਿਆ ਹੈ ਕਿ ਮਾਸ ਖਾਣ ਵਾਲੇ ਮਨੁਖਾਂ ਵਿਚ ਦਿਲ ਦਾ ਰੋਗ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਇਸ ਤੋਂ ਛੁੱਟ ਖਾਣ ਦੇ ਮਾਮਲੇ ਵਿਚ ਵਰਤੀ ਗਈ ਲਾਪਰਵਾਹੀ ਜ਼ਹਿਰੀਲੀ ਖ਼ੁਰਾਕ ( *food pioson*) ਬਣ ਕੇ ਮਨੁਖ ਲਈ ਜਾਨ-ਲੇਵਾ ਬਣ ਸਕਦੀ ਹੈ।

ਸਿਆਣੇ ਕਹਿੰਦੇ ਹਨ ਕਿ ਜੈਸਾ ਅੰਨ ਕੋਈ ਖਾਂਦਾ ਹੈ ਉਸਦਾ ਮਨ ਵੀ ਵੈਸਾ ਹੀ ਹੋ ਜਾਂਦਾ ਹੈ। ਵਿਚਾਰਾਂ ਨੂੰ ਸ਼ੁੱਧ ਰਖਣ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਖਾਣ ਪੀਣ ਦੇ ਮਾਮਲੇ ਵਿਚ ਕੋਈ ਅਨਗਹਿਲੀ ਨਾ ਵਰਤੀ ਜਾਏ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥ [ਸਿਰੀ ਰਾਗੁ ਮ: ੧, ਪੰ: ੧੬

ਗਲਤ ਖ਼ੁਰਾਕ ਵਿਕਾਰਾਂ ਨੂੰ ਜਨਮ ਦਿੰਦੀ ਹੈ। ਵਿਕਾਰ ਮਨ ਅਤੇ ਸਰੀਰ ਤੇ ਬੁਰਾ ਪ੍ਰਭਾਉ ਪਾਂਦੇ ਹਨ, ਮਨੁਖੀ ਆਚਰਨ ਨੂੰ ਡੇਗਦੇ ਹਨ–

ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ ॥੨॥੩੭॥ [ਮਾਝ ਮ: ੫, ਪੰ: ੧੦੫



www.AKJ.Org

ਇਸ ਤਰ੍ਹਾਂ ਦੇ ਖਾਣ ਦਾ ਹੀ ਸਿੱਟਾ ਨਿਕਲਦਾ ਹੈ। ਮਾਸ ਸ਼ਰਾਬ ਦਾ ਸੇਵਨ ਕਰਨ ਵਾਲਾ ਮਨੁਖ ਬੁਰਾਈਆਂ ਵਲ ਪ੍ਰੇਰਿਤ ਹੁੰਦਾ ਹੈ। ਤਾਮਸੀ ਖ਼ੁਰਾਕ ਵਿਕਾਰਾਂ ਵਲ ਲੈ ਜਾਂਦੀ ਹੈ। ਇਸ ਲਈ ਜਿਹੜੀ ਖ਼ੁਰਾਕ ਮਨੁਖ ਨੂੰ ਅਧੋਗਤੀ ਵਲ ਲੈ ਜਾਏ, ਉਸਦੇ ਖਾਣ ਦਾ ਕੀ ਲਾਭ ?

ਸਤਿਗੁਰ ਨਾਨਕ ਦੇਵ ਜੀ ਨੇ ਆਪਣੇ ਸਮੇਂ ਫੈਲ ਰਹੀਆਂ ਸਮਾਜਕ ਕੁਰੀਤੀਆਂ ਵਲ ਸੰਸਾਰ ਦਾ ਧਿਆਨ ਦਿਵਾਉਂਦਿਆਂ ਫ਼ੁਰਮਾਇਆ ਹੈ :–

ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥੨॥੧੬॥

[ਵਾਰ ਆਸਾ, ਮ: ੧–੪੭੨

ਤਥਾ– ਕੁਹਿ ਬਕਰਾ ਰਿੰਨਿ੍ ਖਾਇਆ ਸਭੁ ਕੋ ਆਖੈ ਪਾਇ ॥੨॥੧੫॥ [ਵਾਰ ਆਸਾ, ਮ: ੧–੪੭੧

ਜਨੇਊ ਪਾਣ ਦੀ ਰਸਮ ਸਮੇਂ ਬਕਰਾ ਮਾਰ ਕੇ ਖਾਣਾ ਤੇ ਕਹਿਣਾ ਜਨੇਊ ਪਾ ਲਿਆ ਗਿਆ ਹੈ, ਇਹ ਜਨੇਊ ਪਾਣ ਦੀ ਰਸਮ ਨੂੰ ਅਪਵਿਤਰ ਤੇ ਕਲੰਕਤ ਕਰਨਾ ਹੈ। ਅਜਿਹੇ ਜਨੇਊ ਪਾਣ ਨਾਲ ਮਨੁਖ ਅੰਦਰ ਦਇਆ, ਸੰਤੋਖ, ਜਤ, ਸਤ ਆਦਿ ਸ਼ੁਭ ਗੁਣ ਪ੍ਰਵੇਸ਼ ਨਹੀਂ ਕਰਦੇ।

ਸਤਿਗੁਰ ਨਾਨਕ ਦੇਵ ਜੀ ਨੇ ਗ਼ਲਤ ਭੋਜਨ ਖਾਣ ਵਾਲਿਆਂ ਨੂੰ ਚੇਤਾਵਨੀ ਦਿੰਦਿਆ ਕਿਹਾ ਹੈ :–

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥੧॥੬॥ [ਵਾਰ ਮਾਝ, ਸਲੋਕ ਮ:੧–੧੪੦

ਚਿਤ ਨੂੰ ਨਿਰਮਲ ਰਖਣ ਲਈ ਰਤ ਭਰਿਆ ਭੋਜਨ ਕਦੇ ਵੀ ਸਹਾਇਕ ਨਹੀਂ ਹੁੰਦਾ, ਸਗੋਂ ਰੋਗਾਂ ਨੂੰ ਸਦਾ ਦੇਣਾ ਹੈ।

ਖਾਣ ਪੀਣ ਦੇ ਪੱਖੋਂ ਮਨੁਖ ਨੂੰ ਕਾਫ਼ੀ ਸੰਜਮ ਦੀ ਲੋੜ ਹੈ। ਕਈ ਤਰ੍ਹਾਂ ਦੇ ਸਵਾਦਾਂ ਅਤੇ ਜੀਭ ਦੇ ਚਸਕਿਆਂ ਦੇ ਅਧੀਨ ਲੋੜ ਤੋਂ ਵਧ ਖਾਣਾ ਬੀਮਾਰੀਆਂ ਨੂੰ ਸੱਦਾ ਦੇਣਾ ਹੈ। ਵਰਤਮਾਨ ਸਮੇਂ ਵਿਚ ਸਰਦਾ ਪੁਜਦਾ ਤਬਕਾ ਕਈ ਨਵੇਂ ਨਵੇਂ ਖਾਣੇ ਡਿਸ਼ਾਂ ਸ਼ਿੰਗਾਰਦਾ ਅਤੇ ਛਕਦਾ ਛਕਾਂਦਾ ਰਜਦਾ ਹੀ ਨਹੀਂ, ਖਾਈ ਹੀ ਜਾਂਦਾ ਹੈ। ਇਹ ਲੋੜ ਤੋਂ ਵਧ ਖਾਣਾ (*over eating*) ਕਈ ਪ੍ਰਕਾਰ ਦੇ ਰੋਗ ਪੈਦਾ ਕਰਦਾ ਹੈ। ਮਨੁਖ ਨੂੰ ਜੀਵਤ ਰਹਿਣ ਲਈ ਖਾਣ ਦੀ ਲੋੜ ਹੈ, ਪਰ ਖਾਣ ਲਈ ਜੀਵਤ ਰਹਿਣ ਵਾਲੇ ਮਨੁਖ ਰੋਗੀ ਹੋ ਕੇ ਰਾਤ ਦਿਨ ਡਾਕਟਰਾਂ ਵਲ ਭਜੇ ਫਿਰਦੇ ਹਨ। ਗੁਰਦੇਵ ਦਾ ਖਾਣ ਦੇ ਮਾਮਲੇ ਵਿਚ ਸੰਜਮ ਵਰਤਣ ਦਾ ਉਪਦੇਸ਼ ਹੈ–

ਅਲਪ ਆਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥ [ਰਾਮਕਲੀ ਪਾਤਿਸ਼ਾਹੀ ੧੦

ਤਥਾ– ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ॥ [ਭਾਈ ਗੁਰਦਾਸ ਜੀ–੧੨/੪

ਡਾਕਟਰਾਂ ਦਾ ਮਤ ਹੈ ਕਿ ਮਨੁਖ ਨੂੰ ਜਿਤਨੀ ਭੁਖ ਹੋਵੇ ਉਸ ਤੋਂ ਘਟ ਹੀ ਖਾਣਾ ਚਾਹੀਦਾ ਹੈ, ਤਾਂ ਜੁ ਉਹ ਵਾਧੂ ਖਾ ਕੇ ਬੀਮਾਰ ਨ ਹੋਵੇ ਤੇ ਘਟ ਖ਼ੁਰਾਕ ਨੂੰ ਪਚਾਣ ਵਿਚ ਉਸ ਨੂੰ ਕੋਈ ਪਰੇਸ਼ਾਨੀ ਨ ਹੋਵੇ। ਭਾਰਤ ਵਿਚ ਪੁਰਾਣੇ ਸਮੇਂ ਤੋਂ ਵਰਤ ਰਖਣ ਦਾ ਰਿਵਾਜ ਚਲਿਆ ਆ ਰਿਹਾ ਹੈ, ਪਰ ਜੇਕਰ ਖਾਣ ਪੀਣ ਵਿਚ ਸੰਜਮ ਵਰਤਿਆ ਜਾਏ ਤਾਂ ਸ਼ਾਇਦ ਵਰਤ ਰਖਣ ਦੀ ਲੋੜ ਹੀ ਨ ਰਵ੍ਹੇ। ਨ ਠੂਸ ਕੇ ਖਾਓ ਤੇ ਨ ਵਰਤਾਂ ਦੇ ਚਕਰ ਵਿਚ ਪਵੋ।

ਸਿਖ-ਜਗਤ ਵਿਚ ਲੰਗਰ ਦੀ ਪ੍ਰਥਾ ਦੇ ਅਨੇਕ ਗੁਣਾਂ ਵਿਚੋਂ ਇਕ ਵਡਾ ਗੁਣ ਇਹ ਹੈ ਕਿ ਲੰਗਰ ਵਿਚ ਤਿਆਰ ਹੋਣ ਵਾਲੇ ਪ੍ਰਸ਼ਾਦ ਵਿਚ ਕਿਸੇ ਪ੍ਰਕਾਰ ਦੀ ਮਿਲਾਵਟ ਜਾਂ ਗੜਬੜ ਦੀ ਸੰਭਾਵਨਾ ਨਹੀਂ ਹੁੰਦੀ। ਲੰਗਰ ਸੰਗਤ ਮਿਲ ਕੇ ਆਪਣੇ ਹੱਥਾਂ ਨਾਲ ਤਿਆਰ ਕਰਦੀ ਹੈ, ਨਾਲ ਨਾਲ ਸਿਮਰਨ ਵੀ ਚਲਦਾ ਰਹਿੰਦਾ ਹੈ। ਸਫ਼ਾਈ ਦਾ ਪੂਰਾ ਧਿਆਨ ਰਖਿਆ ਜਾਂਦਾ ਹੈ। ਇਸ ਤਰ੍ਹਾਂ ਗੁਰਦੇਵ ਨੂੰ ਸੁਚ-ਪਵਿਤਰ ਕੀਤੀ ਪਾਕਸਾਲ (ਰਸੋਈ) ਵਿਚ ਤਿਆਰ ਹੋਇਆ ਪ੍ਰਸ਼ਾਦ ਅਰਦਾਸ ਕਰਕੇ ਛਕਾਇਆ ਜਾਂਦਾ ਹੈ ਤੇ ਮਗਰੋਂ ਸੰਗਤਾਂ ਸੀਤ ਪ੍ਰਸ਼ਾਦ ਛਕ ਕੇ ਸੰਤੁਸ਼ਟ ਹੁੰਦੀਆਂ ਹਨ।



www.AKJ.Org

ਸਰਬ-ਲੋਹ ਦੇ ਬਰਤਨਾਂ ਵਿਚ ਤਿਆਰ ਕੀਤਾ ਭੋਜਨ ਵਧੇਰੇ ਉਤਮ, ਗੁਣਕਾਰੀ ਤੇ ਸਵਾਦਿਸ਼ਟ ਹੁੰਦਾ ਹੈ। ਦਸਮੇਸ਼ ਪਿਤਾ ਜੀ ਨੇ ਸਰਬ-ਲੋਹ ਨੂੰ ਬੜੀ ਮਹਾਨਤਾ ਦਿਤੀ ਹੈ। ਸਾਫ਼ ਸੁਥਰਾ, ਸਾਦਾ ਤੇ ਸੰਜਮ ਦਾ ਭੋਜਨ ਛਕਣ ਨਾਲ ਮਨ ਤੇ ਤਨ ਉਜਲੇ ਰਹਿੰਦੇ ਹਨ, ਮਨ ਸਿਮਰਨ ਵਿਚ ਜੁੜਦਾ ਹੈ ਤੇ ਸਰੀਰ ਹਲਕਾ ਫੁਲਕਾ ਰਹਿੰਦਾ ਹੈ, ਰੋਗ ਨੇੜੇ ਨਹੀਂ ਢੁਕਦੇ।

ਅੱਜ ਕਲ੍ਹ ਦੇ ਭਜ ਨੱਠ ਤੇ ਰੁਝੇਵਿਆਂ ਵਾਲੇ ਜੀਵਨ ਵਿਚ ਲੋਕਾਂ ਨੂੰ ਘਰੋਂ ਬਾਹਰ ਹੋਟਲਾਂ, ਢਾਬਿਆਂ 'ਤੇ ਖਾਣ ਦੀ ਵਧੇਰੇ ਆਦਤ ਪੈ ਗਈ ਹੈ। ਏਸੇ ਕਰਕੇ ਬੀਮਾਰੀਆਂ ਵਧ ਗਈਆਂ ਹਨ। ਢਾਬਿਆਂ ਤੇ ਕੋਈ ਸਫ਼ਾਈ ਨਹੀਂ ਹੁੰਦੀ। ਤਿਆਰ ਕਰਨ ਵਾਲੇ ਮੁਲਾਜ਼ਮ ਗੰਦੇ ਕਪੜਿਆਂ ਨਾਲ, ਮੂੰਹ ਨੂੰ ਬੀੜੀਆਂ, ਸਿਗਰਟਾਂ ਲਾ ਕੇ ਖਾਣਾ ਬਣਾਂਦੇ ਵੇਖੇ ਜਾਂਦੇ ਹਨ। ਖਾਣਿਆਂ ਨੂੰ ਸਵਾਦੀ ਤੇ ਚਟਪਟਾ ਬਣਾਣ ਲਈ ਕਈ ਪ੍ਰਕਾਰ ਦੇ ਮਸਾਲੇ ਤੇ ਦੂਜੀਆਂ ਲਾਗਾਂ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਦਾ ਘਾਤਕ ਅਸਰ ਹੁੰਦਾ ਹੈ। ਪੈਸੇ ਭਰ ਕੇ ਬੀਮਾਰੀਆਂ ਖ਼ਰੀਦਣ ਵਾਲੀ ਗੱਲ ਹੈ।

ਅੰਮ੍ਰਿਤਧਾਰੀ, ਰਹਿਤ ਬਹਿਤ ਦੇ ਪੂਰੇ ਗੁਰਸਿਖਾਂ ਨੂੰ ਬਾਹਰ ਜਾ ਕੇ ਕਾਫ਼ੀ ਕਠਨਾਈ ਹੁੰਦੀ ਹੈ। ਪਰ ਮਰਯਾਦਾ ਦਾ ਪਾਲਨ ਕਰਨ ਵਾਲੇ ਸਿੰਘ ਆਪਣੇ ਅਸੂਲ ਤੇ ਪੱਕੇ ਰਹਿੰਦੇ ਹਨ।

ਸੋਡੇ ਦੀਆਂ ਤੇ ਕੋਕੋ ਕੋਲੇ ਦੀਆਂ ਬੋਤਲਾਂ ਦੇ ਮਿਠੇ ਸ਼ਰਬਤ ਪੀਣ ਦਾ ਇਕ ਰਿਵਾਜ ਜਿਹਾ ਚਲ ਪਿਆ ਹੈ। ਇਨ੍ਹਾਂ ਵਿਚਲੀ ਗੈਸ ਸਿਹਤ ਤੇ ਮਾੜਾ ਅਸਰ ਪਾਂਦੀ ਹੈ।

ਜਿਹੜੇ ਗੁਰਸਿਖ ਘਰਾਂ ਵਿਚ ਸਵੱਛ ਤੇ ਪਵਿਤਰ ਪ੍ਰਸ਼ਾਦ ਤਿਆਰ ਕਰਕੇ ਬਾਬਾ ਜੀ ਅਗੇ ਇਉਂ ਅਰਦਾਸ ਕਰਕੇ ਛਕਦੇ ਹਨ—

ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥੧॥ (੧੨੬੬)

ਉਨ੍ਹਾਂ ਦਾ ਭੋਜਨ ਹੀ ਗੁਰਦੇਵ ਦੇ ਦਰ ਪ੍ਰਵਾਨ ਹੁੰਦਾ ਹੈ। ਪਰ ਜਿਹੜੇ ਪ੍ਰਾਣੀ ਜੀਵਾਂ ਨੂੰ ਬੱਧ ਕਰ ਕੇ ਭੋਜਨ ਬਣਾਂਦੇ ਹਨ, ਉਨ੍ਹਾਂ ਦਾ ਭੋਜਨ ਵਾਹਿਗੁਰੂ ਸੱਚੇ ਪਾਤਸ਼ਾਹ ਨੂੰ ਕਿਵੇਂ ਪ੍ਰਵਾਨ ਹੋ ਸਕਦਾ ਹੈ ? ਇਹੋ ਜਿਹਾ ਭੋਜਨ ਜਿਹੜਾ ਵਿਅਕਤੀ ਖਾਂਦਾ ਹੈ ਉਸਦੀ ਦਸ਼ਾ ਤਾਂ—

ਖਾਇਆ ਮੈਲੁ ਵਧਾਇਆ, ਪੈਧੈ ਘਰ ਕੀ ਹਾਣਿ ॥੧॥੧੩॥ [ਪ੍ਰਭਾਤੀ ਮ: ੧—੧੩੩੧

ਵਰਗੀ ਹੋ ਜਾਂਦੀ ਹੈ। ਉਹ ਮਾਨੋ ਅੰਦਰ ਮੈਲ ਨੂੰ ਵਧਾ ਰਿਹਾ ਹੈ ਤੇ ਹਾਨੀ ਜਾਂ ਨੁਕਸਾਨ ਸਿਰ ਤੇ ਲੈ ਰਿਹਾ ਹੈ।

ਖਾਣ ਪੀਣ ਦੇ ਸੰਬੰਧ ਵਿਚ ਰਤਾ ਜਿੰਨੀ ਵੀ ਲਾਪਰਵਾਹੀ ਵਰਤਣੀ ਠੀਕ ਨਹੀਂ। ਗੁਰਬਾਣੀ ਵਿਚ ਦਿਤੀ ਗਈ ਅਗਵਾਈ ਦੇ ਚਾਨਣੇ ਵਿਚ ਹੀ ਆਪਣੀ ਖਾਣ ਪੀਣ ਦੀ ਆਦਤ ਨੂੰ ਢਾਲਣਾ ਚਾਹੀਦਾ ਹੈ। ਇਹ ਸਰੀਰ ਅਤੇ ਮਨ ਦੋਹਾਂ ਲਈ ਲਾਭਕਾਰੀ ਹੈ।

---


## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩-੪-੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ | ਸੇਵਾ ਸਿੰਘ ਭਾਰਤੀ |
| ੬. ਮਾਲਕ | ਅਖੰਡ ਕੀਰਤਨੀ ਜਥਾ<br>ਜਥੇਦਾਰ ਭਾਈ ਰਾਮ ਸਿੰਘ ਜੀ ਸੁਕੈਡਰਨ ਲੀਡਰ (ਰੀ:)<br>੧੦੨, ਰਾਣੀ ਕਾ ਬਾਗ, ਅੰਮ੍ਰਿਤਸਰ |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੧-੩-੯੨ ਦਸਖ਼ਤ ਪਬਲਿਸ਼ਰ—ਸੇਵਾ ਸਿੰਘ


www.AKJ.Org

# ਪੀਰੀ ਮੀਰੀ ਅਥਵਾ ਧਰਮ ਤੇ ਸਿਆਸਤ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

'ਪੀਰੀ' ਤੇ 'ਮੀਰੀ' ਸਿਖ ਧਰਮ ਦੇ ਮੁਢਲੇ ਸਿਧਾਂਤਾਂ ਵਿਚੋਂ ਹਨ । ਇਨ੍ਹਾਂ ਸਿਧਾਂਤਾਂ ਦੀ ਚਰਚਾ ਤਾਂ ਬੜੀ ਹੈ, ਪਰ ਅਾਚਰਜਤਾ ਵਾਲੀ ਗੱਲ ਹੈ ਕਿ ਇਨ੍ਹਾਂ ਦੀ ਪ੍ਰਭਾਸ਼ਾ (ਲੱਛਣ) ਗ਼ਲਤ ਮਲਤ ਕਰ ਦਿਤੀ ਗਈ ਹੈ । ਅੱਜ ਦੇ ਗ਼ਰਜ਼-ਗ੍ਰਸਤ ਸਿਆਸਤਦਾਨ 'ਮੀਰੀ' ਦੇ ਨਾਮ ਥਲੇ ਕੁਟਲ ਸਿਆਸਤ ਖੇਡ ਰਹੇ ਹਨ । ਇਸੇ ਕਾਰਨ ਹੁਣ ਲੋੜ ਪੈ ਗਈ ਹੈ ਕਿ ਇਨ੍ਹਾਂ ਸਿਧਾਂਤਾਂ ਦੇ ਮੁਢਲੇ ਰੂਪ ਨੂੰ ਨਿਖਾਰਿਆ ਜਾਵੇ । ਸੋ ਇਸ ਵਿਸ਼ੇ ਤੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦਾ ਲਿਖਿਆ ਲੇਖ, ਜੋ 'ਨਾਨਕ ਪ੍ਰਕਾਸ਼ ਪਤ੍ਰਿਕਾ' ਵਿਚ ਛਪਿਆ ਹੈ, 'ਸੂਰਾ' ਪੱਤਰ ਦੇ ਪਾਠਕਾਂ ਲਈ ਇਥੇ ਦਿਤਾ ਜਾ ਰਿਹਾ ਹੈ ।

ਇਸ ਵਿਸ਼ੇ ਤੇ ਇਸ ਤੋਂ ਪਹਿਲਾਂ ਵੀ ਇਸੇ ਲੇਖਕ ਦੇ ਵਿਚਾਰ ਜਨਵਰੀ ੧੯੮੮ ਦੇ 'ਸੂਰਾ' ਵਿਖੇ ਪ੍ਰਕਾਸ਼ਤ ਕੀਤੇ ਗਏ ਸਨ । —ਸੰਪਾਦਕ

ਸਿੱਖ ਧਰਮ ਵਿਚ 'ਪੀਰੀ' ਅਤੇ 'ਮੀਰੀ' ਦਾ ਓਤ-ਪੋਤੀ ਸੁਮੇਲ ਇਕ ਸਿਧਾਂਤਕ ਅਤੇ ਇਤਿਹਾਸਕ ਸੱਚ ਹੈ । ਇਹ ਸੁਮੇਲ ਸਿੱਖ ਧਰਮ ਦੇ ਸੰਚਾਲਿਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੇ ਆਰੰਭ-ਕਾਲ ਤੋਂ ਹੀ ਸਥਾਪਿਤ ਕਰ ਦਿੱਤਾ ਸੀ । ਆਪ ਜੀ ਨੇ ਅਤੇ ਆਪ ਜੀ ਦੇ ਉਤਰ-ਅਧਿਕਾਰੀ ਗੁਰੂ-ਪੀਰਾਂ ਨੇ ਇਹ ਸੁਮੇਲ ਪੂਰਨ ਨਿਪੁੰਨਤਾ ਨਾਲ ਨਿਭਾਇਆ । 'ਪੀਰੀ', 'ਮੀਰੀ' ਦੇ ਸੁਮੇਲ ਦਾ ਇਨਕਲਾਬੀ ਸੰਘਰਸ਼ ਪਹਿਲੇ ਪੰਜ ਜਾਮਿਆਂ ਤਕ ਸ਼ਾਂਤਮਈ ਰਿਹਾ । ਪੰਜਵੇਂ ਗੁਰੂ-ਪੀਰ ਦੀ ਸ਼ਹਾਦਤ ਮਗਰੋਂ ਇਸ ਸੰਘਰਸ਼ ਨੇ ਸ਼ਸਤਰ-ਬੱਧ ਰੂਪ ਵੀ ਧਾਰਨ ਕਰ ਲਿਆ । ਛੇਵੇਂ ਗੁਰੂ-ਪੀਰ ਨੇ 'ਪੀਰੀ' ਅਤੇ 'ਮੀਰੀ' ਦੀਆਂ ਦੋ ਖੜਗਾਂ ਧਾਰਨ ਕਰ ਲਈਆਂ । "ਮੂਰਖ ਗੰਢੁ ਪਵੈ ਮੁਹਿ ਮਾਰ" ਦੇ ਗੁਰਮਤਿ ਸਿਧਾਂਤ ਮੁਜਬ ਜ਼ਾਲਮ ਸਰਕਾਰ ਨਾਲ ਲੋਹਾ ਲਿਆ ਤੇ ਜ਼ੁਲਮ ਨੂੰ ਠਲ੍ਹ ਪਾਈ । ਸਤਵੇਂ, ਅਠਵੇਂ ਅਤੇ ਨਾਵੇਂ ਜਾਮੇ ਵਿਚ ਗੁਰੂ-ਪੀਰ ਨੇ ਫਿਰ ਸ਼ਾਂਤਮਈ ਅਤੇ ਸੁਲਾਹਕੁਲ ਮੀਰੀ ਦਾ ਪ੍ਰਯੋਗ ਕੀਤਾ । ਨਾਵੇਂ ਗੁਰੂ-ਪੀਰ ਦੀ ਸ਼ਹਾਦਤ ਮਗਰੋਂ ਸਮੇਂ ਦੀ ਲੋੜ ਮੁਜਬ ਫਿਰ ਸੰਘਰਸ਼ ਨੂੰ ਸ਼ਸਤਰ-ਬੱਧ ਰੂਪ ਦੇ ਦਿੱਤਾ ਗਿਆ । ਦਸਵੇਂ ਗੁਰੂ-ਪੀਰ ਨੇ ਦੋ-ਧਾਰੇ ਖੰਡੇ ਦਾ ਅੰਮ੍ਰਿਤ ਛਕਾ ਕੇ ਖਾਲਸੇ ਦੀ ਸਾਜਨਾ ਕੀਤੀ । ਖਾਲਸੇ ਨੂੰ ਅਕਾਲ ਪੁਰਖ ਕੀ ਫ਼ੌਜ ਦਾ ਰੁਤਬਾ ਦੇ ਕੇ ਅੰਦਰਲੇ (ਪਿੰਡ ਵਿਚਲੇ) ਅਤੇ ਬਾਹਰਲੇ (ਬ੍ਰਹਮੰਡ) ਦੇ ਨਿਰੰਤਰ ਸੰਘਰਸ਼ ਲਈ ਤੱਤਪਰ ਕਰ ਦਿਤਾ । ਇਸ ਧਰਮ-ਯੁਧ ਲਈ ਸ਼ਾਸਤਰ (ਨਾਮ ਬਾਣੀ) ਅਤੇ ਸ਼ਸਤਰ ਦੋਹਾਂ ਨੂੰ ਖਾਲਸਾ ਰਹਿਤ ਦਾ ਜ਼ਰੂਰੀ ਅੰਗ ਬਣਾ ਦਿੱਤਾ ।

'ਪੀਰੀ', 'ਮੀਰੀ' ਦੇ ਸਿਧਾਂਤ ਤੋਂ ਅਨਜਾਣ ਕੁਝ ਸਜਣ, ਜੋ ਇਸਦੇ ਅੰਤ੍ਰੀਵ ਰਹੱਸ ਨੂੰ ਨਹੀਂ ਸਮਝਦੇ, ਇਸ ਪ੍ਰਤੀ ਕਿੰਤੂ ਪ੍ਰੰਤੂ ਕਰਦੇ ਰਹਿੰਦੇ ਹਨ । ਸੋ ਇਸ ਰਹੱਸ ਨੂੰ ਸਮੇਂ ਸਮੇਂ ਉਘਾੜਨ ਦਾ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ । ਇਸ ਨਾਲ ਸਿਧਾਂਤ ਸੱਜਰਾ ਰਹਿੰਦਾ ਅਤੇ ਨਵੀਂ ਪੀੜ੍ਹੀ ਦਾ ਵਿਸ਼ਵਾਸ ਇਸ ਪ੍ਰਤੀ ਬੱਝਾ ਰਹਿੰਦਾ ਹੈ । ਅੱਜ ਦੇ ਸਮੇਂ ਜਦੋਂ ਪ੍ਰਚਲਿਤ ਸਿੱਖ-ਮੀਰੀ ਪਤਨ ਵਲ ਵਧ ਰਹੀ ਹੈ, ਇਸ ਵਿਸ਼ੇ ਤੇ ਵਿਚਾਰ ਕਰਨਾ ਅਤੇ ਪੰਥਕ ਰੱਥ ਨੂੰ ਠੀਕ ਲੀਹਾਂ ਤੇ ਤੋਰਨ ਦਾ ਉਪਰਾਲਾ ਕਰਨਾ ਹੋਰ ਵੀ ਜ਼ਿਆਦਾ ਜ਼ਰੂਰੀ ਹੋ ਗਿਆ ਹੈ ।

'ਪੀਰ' ਅਤੇ 'ਮੀਰ' ਫ਼ਾਰਸੀ ਭਾਸ਼ਾ ਦੇ ਸ਼ਬਦ ਹਨ, ਜਿਨ੍ਹਾਂ ਦਾ ਕ੍ਰਮਵਾਰ ਅਰਥ ਹੈ 'ਧਾਰਮਿਕ ਰਹਿਬਰ' ਅਤੇ 'ਅਮੀਰ ਬਾਦਸ਼ਾਹ' । ਸੋ 'ਪੀਰੀ' ਤੋਂ ਭਾਵ ਹੈ "ਧਾਰਮਿਕ ਅਥਵਾ ਅਧਿਆਤਮਿਕ ਖੇਤਰ ਵਿਚ ਅਗਵਾਈ" ਅਤੇ 'ਮੀਰੀ' ਤੋਂ ਭਾਵ ਹੈ, "ਜੀਵਨ ਦੇ ਸਮੁੱਚੇ ਵਿਵਹਾਰਿਕ ਖੇਤਰ ਵਿਚ ਅਗਵਾਈ" । ਆਮ ਬੋਲ-ਚਾਲ ਵਿਚ ਮੀਰੀ-ਪੀਰੀ ਦੇ ਬਦਲ ਵਿਚ ਧਰਮ-ਸਿਆਸਤ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ । ਸੋ, ਇਸ ਵਿਸ਼ੇ ਤੇ ਵਿਚਾਰ ਕਰਨ ਲਈ ਪੀਰੀ-ਮੀਰੀ ਅਥਵਾ ਧਰਮ-ਸਿਆਸਤ ਦੇ ਲਛਣ ਜਾਣ ਲੈਣੇ ਜ਼ਰੂਰੀ ਹਨ ।


www.AKJ.Org

ਧਰਮ-ਪੀਰੀ

**ਧਰਮ ਦਾ ਲੱਛਣ** : 'ਧਰਮ' ਸ਼ਬਦ ਦਾ ਅਖਰੀ ਅਰਥ ਹੈ "ਧਾਰਨ ਕਰਨ ਜੋਗ ਕਰਤੱਵ"। 'ਧਰਮ' ਬੜੇ ਵਿਸ਼ਾਲ ਘੇਰੇ ਵਾਲਾ ਸ਼ਬਦ ਹੈ ਅਤੇ ਪੂਰਬੀ ਅਤੇ ਪਛਮੀ ਵਿਦਵਾਨਾਂ ਨੇ ਇਸ ਦੀ ਵਖਰੀ ਵਖਰੀ ਪ੍ਰੀਭਾਸ਼ਾ ਦੱਸੀ ਹੈ।

ਦ੍ਰਿਸ਼ਟਮਾਨ ਪਰਕਿਰਤੀ ਦਾ ਕਰਤਾ 'ਪਰਮਾਤਮਾ' ਹੈ। ਜੜ੍ਹ ਰਚਨਾ ਵਿਚ ਚੇਤਨ ਵਸਤੂ ਕੇਵਲ 'ਆਤਮਾ' ਹੈ, ਜੋ 'ਪਰਮ-ਆਤਮਾ' ਦੀ ਅੰਸ਼ ਹੈ। 'ਪਰਮ-ਆਤਮਾ' ਅਤੇ 'ਆਤਮਾ' ਦੋਵੇਂ ਸੂਖਮ ਅਥਵਾ ਅਦ੍ਰਿਸ਼ਟ ਹਨ, ਪਰ ਇਹ ਸਾਰੀ ਦ੍ਰਿਸ਼ਟਮਾਨ ਰਚਨਾ ਦਾ ਮੂਲ-ਤੱਤ ਹਨ।

'ਪੁਰਸ਼' ਅਤੇ 'ਪਰਕਿਰਤੀ' ਦੀ ਉਪਰੋਕਤ ਸਥਿਤੀ ਨੂੰ ਮੁਖ ਰਖਦਿਆਂ 'ਆਤਮਾ' ਅਤੇ '**ਪਰਮਾਤਮਾ**' ਦਾ ਗਿਆਨ ਪ੍ਰਾਪਤ ਕਰਨ, 'ਆਤਮਾ ਨੂੰ ਗੁਰੂ-ਗਿਆਨ ਦੁਆਰਾ ਪ੍ਰਬੁੱਧ (ਹਉ-ਰਹਿਤ) ਕਰ ਕੇ ਇਸ ਦੇ ਮੂਲ ਤੱਤ 'ਪਰਮ-ਆਤਮਾ' ਵਿਚ ਲੀਨ ਕਰਨ, ਅਥਵਾ 'ਆਤਮਾ' ਨੂੰ ਪਰਮਾਤਮਾ ਦੇ ਦੈਵੀ ਗੁਣਾਂ ਦਾ ਧਾਰਨੀ ਬਨਾਉਣ ਅਤੇ ਇਹਨਾਂ ਰੱਬੀ ਗੁਣਾਂ ਦੀ ਵਿਸ਼ਵ ਸੰਸਾਰ ਦੀਆਂ ਬਾਕੀ ਆਤਮਾਵਾਂ ਨਾਲ ਸਾਂਝ ਕਰਨ ਦੀ ਸਮੁੱਚੀ ਪਰਕਿਰਿਆ 'ਧਰਮ' ਹੈ।

ਧਰਮ ਦਾ **ਕਰਤੱਵ** :

ਧਰਮ ਦਾ ਕਰਤੱਵ ਦੁਵੱਲਾ ਹੈ। ਇਕ ਪਾਸੇ ਆਤਮਾ ਦਾ ਆਪਣੇ ਕੇਂਦਰ ਪਰਮ-ਆਤਮਾ ਵਲ ਕਰਤੱਵ, ਅਥਵਾ, ਮਨੁੱਖ ਦਾ 'ਅਧਿਆਤਮਕ ਕਰਤੱਵ', ਅਤੇ ਦੂਜੇ ਪਾਸੇ ਆਤਮਾ ਦਾ ਸੰਸਾਰ ਦੀਆਂ ਬਾਕੀ ਆਤਮਾਵਾਂ ਵਲ ਕਰਤੱਵ, ਅਥਵਾ ਮਨੁੱਖ ਦਾ 'ਵਿਵਹਾਰਕ ਕਰਤੱਵ'। ਸਾਂਝੇ ਤੌਰ ਤੇ ਇਹ ਆਖ ਲਈਏ ਕਿ ਅਕਾਲ ਪੁਰਖ ਨਾਲ ਅੰਤਰ-ਆਤਮੇ ਲਿਵ ਜੋੜ ਕੇ ਜੀਅ ਉਠਣਾ ਅਤੇ 'ਜੀਅ-ਦਾਨ' ਅਗੇ ਸੰਸਾਰ ਵਿਚ ਵੰਡਣਾ ਧਰਮ ਦਾ ਕਰਤੱਵ ਹੈ। ਦੋਹਾਂ ਕਰਤੱਵਾਂ ਵਿਚੋਂ ਮੂਲ 'ਅਧਿਆਤਮਕ ਕਰਤੱਵ' ਹੈ। ਜੇ ਅਧਿਆਤਮਕ ਕਰਤੱਵ ਦਿਆਨਤਦਾਰੀ ਅਤੇ ਦ੍ਰਿੜ੍ਹਤਾ ਨਾਲ ਨਿਭਾਇਆ ਜਾਵੇ ਤਾਂ 'ਵਿਵਹਾਰਕ ਕਰਤੱਵ' ਸੁਤੇ ਹੀ ਨਿਰਮਲ ਹੋ ਜਾਂਦਾ ਹੈ। 'ਅਧਿਆਤਮਕ ਕਰਤੱਵ' ਦੀ ਬਰਕਤ ਨਾਲ ਗਿਆਨ ਵਿਚ ਜਾਗ ਉਠੀ ਅਤੇ ਆਪਣੇ ਮੂਲ-ਕੇਂਦਰ ਸਤ-ਚਿਤ-ਆਨੰਦ ਸਰੂਪ ਪਰਮਾਤਮਾ ਨਾਲ ਇਕ-ਸੁਰ ਹੋਈ ਆਤਮਾ ਵਿਚੋਂ ਜੀਵਨ ਦੇ ਵਿਵਹਾਰਕ ਖੇਤਰ ਵਿਚ ਰੱਬੀ ਗੁਣ ਰੂਪਮਾਨ ਹੋਣੇ ਕੁਦਰਤੀ ਗੱਲ ਹੈ। ਜੀਵਨ ਵਿਚ ਦੈਵੀ ਗੁਣਾਂ ਦਾ ਸੰਚਾਰ ਧਰਮ ਦਾ ਹੀ ਵਿਰਸਾ ਹੈ। ਇਸ ਨੂੰ ਧਰਮ ਦਾ ਸਦਾਚਾਰਕ ਪੱਖ ਭਾਵੇਂ ਆਖ ਲਈਏ, ਪਰ ਇਸ ਨੂੰ ਧਰਮ ਤੋਂ ਵੱਖ ਸਮਝਣਾ ਵਡੀ ਭੁਲ ਹੈ। ਸਦਾਚਾਰਕ ਅਥਵਾ ਨੈਤਕ ਗੁਣ ਧਰਮ ਦੀ ਹੀ ਦੇਣ ਹਨ। ਦਰ-ਅਸਲ 'ਧਰਮ' ਆਪਣੇ ਆਪ ਵਿਚ ਇਕ ਸੰਪੂਰਣ ਜੀਵਨ-ਜਾਚ ਹੈ। ਇਹ ਮਨੁੱਖ ਦੇ ਨਿੱਜੀ ਅਤੇ ਸਮਾਜਿਕ ਕਲਿਆਨ ਦਾ ਜ਼ਾਮਨ ਹੈ।

ਕੁਝ ਫ਼ਿਰਕੇ ਸਦਾਚਾਰ ਨੂੰ ਹੀ ਧਰਮ ਮੰਨਦੇ ਹਨ, ਭਾਵ ਉਹ ਪਰਮਾਤਮਾ ਦੀ ਹੋਂਦ ਹਸਤੀ ਤੇ ਵਿਸ਼ਵਾਸ ਨਹੀਂ ਰਖਦੇ। ਅਜਿਹੀ ਮਨੌਤ ਕਸਰਵੰਦੀ ਹੈ। ਇਹ ਮਨੌਤ ਏਸੇ ਤਰ੍ਹਾਂ ਹੈ ਜਿਵੇਂ ਕੋਈ ਜੜ੍ਹ ਤੋਂ ਬਗ਼ੈਰ ਬ੍ਰਿਛਾਂ[1] ਦਾ ਜਾਂ ਲਾੜੇ ਤੋਂ ਬਗ਼ੈਰ ਜੰਞ[2] ਦਾ ਕਿਆਸ ਕਰੇ, ਜੋ ਅਨਹੋਣੀ ਗੱਲ ਹੈ। ਗੁਰਮਤਿ ਨੇ ਧਰਮ[3] ਨੂੰ ਹੀ ਸਦਾਚਾਰ ਦਾ ਮੂਲ ਮੰਨਿਆ ਹੈ।

ਸੱਚੇ ਧਰਮ (ਨਾਮ ਸਿਮਰਨ) ਦੀ ਬਰਕਤ ਨਾਲ ਹਉਮੈ ਤੋਂ ਛੁਟਕਾਰਾ ਪਾ ਕੇ ਨਿਰਭਉ ਨਿਰਵੈਰ ਹੋਈ ਆਤਮਾ ਵਿਚੋਂ ਪਰਉਪਕਾਰ[4] ਦੀ ਭਾਵਨਾ ਉਮਾਹੂ ਚਸ਼ਮੇ ਵਾਂਗ ਫੁਟ ਫੁਟ ਪੈਂਦੀ ਹੈ। ਸੱਚੇ ਧਰਮੀ

1. ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ।। ਮੂਲ ਬਿਨਾ ਸਾਖਾ ਕਤ ਆਹੈ। (ਪੰ: ੧੧੪੯)
2. ਗੁਣ ਜੰਞ ਲਾੜੇ ਨਾਲਿ ਸੋਹੈ ਧਰਖਿ ਮੋਹਣੀ ਐ ਲਇਆ ।। (ਪੰ: ੭੬੫)
3. ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ ।।੨।।੧੪।।੫੦।। (ਪੰਨਾ ੬੯੨)
4. ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ।। ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ।।੪।।੮।। (ਪੰਨਾ ੨੭੩)


www.AKJ.Org

ਪੁਰਸ਼ ਦਾ ਪਰਉਪਕਾਰ ਕਿਸੇ ਦਿਖਾਵੇ ਲਈ ਨਹੀਂ ਹੁੰਦਾ, ਨਾ ਹੀ ਉਸ ਨੂੰ ਦੂਜੀ ਧਿਰ ਵਲੋਂ ਕਿਸੇ ਸ਼ੁਕਰਾਨੇ ਦੀ ਝਾਕ ਹੁੰਦੀ ਹੈ। ਉਹ 'ਜੋ ਦੀਸੈ ਸੋ ਤੇਰਾ ਰੂਪੁ' ਦੀ ਭਾਵਨਾ ਅਧੀਨ ਹਰੇਕ ਦੀ ਨਿਸ਼ਕਾਮ ਸੇਵਾ ਕਰਦਾ ਹੈ। ਦੂਜੇ ਪਾਸੇ ਉਚੇਚੇ ਤੌਰ ਤੇ ਕੀਤੀ ਨੇਕੀ ਨਿਰਾ ਹਉਮੈ ਦਾ ਪਸਾਰ[5] ਹੁੰਦੀ ਹੈ ਅਤੇ ਕਰਨ ਵਾਲੇ ਵਿਚ ਸ਼ੁਕਰਾਨੇ ਜਾਂ ਕਿਸੇ ਹੋਰ ਰੂਪ ਵਿਚ ਨੇਕੀ ਦੇ ਫਲ ਦੀ ਝਾਕ ਬਣੀ ਰਹਿੰਦੀ ਹੈ।

ਸਾਰ ਸਿੱਟਾ ਇਹ ਹੈ ਕਿ ਪ੍ਰੇਮ, ਨੇਕੀ, ਨਿਰਮਾਣਤਾ, ਮਿੱਠਤ ਆਦਿ ਦੈਵੀ ਗੁਣ ਧਰਮ ਦੀ ਹੀ ਦੇਣ ਹਨ। ਪਰ, ਜਿਥੇ ਨੈਤਕ ਅਤੇ ਸਦਾਚਾਰਕ ਗੁਣਾਂ ਨੂੰ ਹੀ ਧਰਮ ਮੰਨ ਲੈਣਾ ਭੁੱਲ ਹੈ ਉਥੇ ਇਹਨਾਂ ਗੁਣਾਂ ਤੋਂ ਸਖਣੀ ਕਿਸੇ ਧਾਰਨਾ ਨੂੰ ਧਰਮ ਸਮਝ ਲੈਣਾ ਵੀ ਖਾਮ-ਖ਼ਿਆਲੀ ਹੈ। ਧਰਮ ਮਨੁੱਖ ਦੇ ਹਲਤ (ਇਸ ਲੋਕ ਦੇ ਅਧਿਆਤਮਕ ਅਤੇ ਵਿਵਹਾਰਕ ਪੱਖ) ਅਤੇ ਪਲਤ (ਪਰਲੋਕ) ਨੂੰ ਸਵਾਰਨ ਵਾਲੀ ਨਿਰਮਲ ਸ਼ਕਤੀ ਹੈ। ਧਰਮ ਇਕ ਸੰਪੂਰਨ ਜੀਵਨ-ਜੁਗਤਿ ਹੈ।

## ਪੀਰੀ

'ਪੀਰੀ' ਤੋਂ ਭਾਵ ਹੈ "ਅਧਿਆਤਮਿਕ ਖੇਤਰ ਵਿਚ ਅਗਵਾਈ।" ਇਸ ਖੇਤਰ ਵਿਚ ਅਗਵਾਈ ਅਕਾਲ ਪੁਰਖ ਨਾਲ ਅੰਤਰਾਤਮੇ ਅਭੇਦ ਗੁਰੂ ਜੋਤਿ ਹੀ ਕਰਨ ਦੇ ਸਮਰੱਥ ਹੈ ਤੇ ਗੁਰੂ-ਜੋਤਿ ਆਪਣੀ ਕਲਾ-ਕ੍ਰਿਸ਼ਮਾ ਇਤੀ ਪਾਰਸ-ਛੁਹ[6] ਨਾਲ, ਬੁਝੀਆਂ ਜੋਤਾਂ ਜਗਾਉਣ ਅਤੇ ਸਮੁੱਚੇ ਸੰਸਾਰ ਨੂੰ ਨੂਰੋ ਕਰਨ ਦੇ ਵੀ ਸਮਰੱਥ ਹੈ। 'ਸਤਿਗੁਰੂ ਸਭਨਾ ਦਾ ਭਲਾ ਮਨਾਇਦਾ' ਗੁਰਵਾਕ ਅਨੁਸਾਰ 'ਪੀਰੀ' ਸਦਾ ਹੀ ਸਰਬੱਤ ਦੇ ਭਲੇ ਦੀ ਇਛੁਕ ਰਹੀ ਹੈ।

## ਰਾਜਨੀਤੀ–ਮੀਰੀ

**ਰਾਜਨੀਤੀ** : ਰਾਜਨੀਤੀ, ਸਮਾਜ-ਵਿਗਿਆਨ ਦਾ ਉਹ ਹਿੱਸਾ ਹੈ ਜਿਸ ਦਾ ਸੰਬੰਧ ਰਾਜ ਪ੍ਰਾਪਤ ਕਰਨ ਅਤੇ ਰਾਜ-ਪ੍ਰਬੰਧ ਚਲਾਉਣ ਨਾਲ ਹੈ। ਜਿਹੋ ਜਿਹੀ ਕਿਸੇ ਦੀ ਰਾਜ-ਪ੍ਰਾਪਤੀ ਦੀ ਭਾਵਨਾ ਹੁੰਦੀ ਹੈ, ਉਹੋ ਜਿਹੀ ਉਸ ਦੀ ਰਾਜਨੀਤੀ। ਜੇ ਰਾਜ ਪ੍ਰਾਪਤ ਕਰਨ ਦੀ ਭਾਵਨਾ ਰਾਜ-ਹਵਸ ਹੈ ਤਾਂ ਰਾਜ ਪ੍ਰਬੰਧ ਚਲਾਉਣ ਲਈ ਰਾਜਨੀਤੀ ਅਵੱਸ਼ ਕੁਟਲ ਹੋਵੇਗੀ, ਪਰ ਜੇ ਰਾਜ-ਪ੍ਰਾਪਤੀ ਪਰਉਪਕਾਰ ਕਮਾਉਣ ਅਤੇ ਧਰਮ ਬਿਸਥਾਰਨ ਦੀ ਭਾਵਨਾ ਤੋਂ ਪ੍ਰੇਰਤ ਹੋਵੇ ਤਾਂ ਰਾਜ-ਪ੍ਰਬੰਧ ਦੀ ਰਾਜਨੀਤੀ ਵੀ ਧਰਮੀ ਰਾਜਨੀਤੀ ਹੋਵੇਗੀ।

## ਸਿੱਖ-ਰਾਜਨੀਤੀ

ਸਿੱਖ-ਧਰਮ ਪਰਵਿਰਤੀ ਵਿਚ ਨਿਰਵਿਰਤੀ ਦਾ ਉਪਦੇਸ਼ ਦਿੰਦਾ ਹੈ। ਅਜਿਹਾ ਰਾਜ[7] ਜੋ ਮਨੁੱਖ ਦੀ ਹਵਸ ਨੂੰ ਵਧਾਂਦਾ ਹੈ, ਗੁਰੂ ਕਾ ਸਿੱਖ ਉਸ ਦੀ ਹਰਗਿਜ਼ ਕਾਮਨਾ ਨਹੀਂ ਕਰਦਾ। ਗੁਰੂ ਕਾ ਸਿੱਖ ਰਾਜ ਨਾਲੋਂ ਪ੍ਰਭੂ-ਪ੍ਰੀਤ ਨੂੰ ਤਰਜੀਹ ਦਿੰਦਾ ਹੈ। ਪਰ ਜਦੋਂ ਉਹ ਵਾਹਿਗੁਰੂ ਦੀ ਖ਼ਲਕਤ ਨੂੰ ਕਿਸੇ ਰਾਜ-ਹਵਸ ਦੇ ਮੂਠੇ

---

5. ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥
6. ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥੧॥੭॥ (ਪੰਨਾ ੪੬੬)
ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ ॥
ਸਤਿਗੁਰੁ ਬਾਵਨ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ ॥ (ਭਾਈ ਗੁਰਦਾਸ ਜੀ, ੨੬/੨੦)
ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੈ ॥ (ਭਾਈ ਗੁਰਦਾਸ ਜੀ, ੩੬/੧੯)
ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥ (ਪੰ:੧੨੮੪)
7. ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥ ਪੰ: ੭੪੫)
ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ (ਪੰ. ੫੩੩)
ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹੁ ਕਿਹ ਲੇਖੈ ॥ (ਪੰ. ੬੫੮)


www.AKJ.Org

ਜਰਵਾਣੇ ਹਥੋਂ ਦੁਖੀ ਦੇਖਦਾ ਹੈ ਤਾਂ ਧਰਮ ਦੀ ਪ੍ਰੇਰਨਾ ਅਧੀਨ ਜ਼ਾਲਮ ਦੇ ਪੰਜੇ ਚੋਂ ਜਨਤਾ ਦੀ ਬੰਦ-ਖਲਾਸੀ ਕਰਾਉਣ ਲਈ, ਉਹ ਜਾਨ ਦੀ ਬਾਜ਼ੀ ਲਾ ਕੇ ਜ਼ਾਲਮ ਵਿਰੁਧ ਡਟ ਜਾਂਦਾ ਹੈ, ਜਾਂ ਸ਼ਹੀਦੀ ਪ੍ਰਾਪਤ ਕਰ ਲੈਂਦਾ ਹੈ, ਜਾਂ ਫਤਿਹ ਪ੍ਰਾਪਤ ਕਰ ਕੇ ਰਾਜਾ ਬਣ ਜਾਂਦਾ ਹੈ। ਉਸ ਦਾ ਨਿਸ਼ਾਨਾ ਰਾਜ-ਪ੍ਰਾਪਤੀ ਨਹੀਂ, ਸਗੋਂ ਧਰਮ ਕਮਾਉਣਾ ਹੁੰਦਾ ਹੈ ਅਤੇ ਰਾਜ, ਕੇਵਲ ਪਰਉਪਕਾਰ ਕਮਾਉਣ ਦਾ ਇਕ ਸਫਲ ਜ਼ਰੀਆ (ਸਾਧਨ)। ਧਰਮੀ ਪੁਰਸ਼ ਦਾ ਰਾਜ-ਵਿਧਾਨ ਸਰਬੱਤ ਦਾ ਭਲਾ ਹੁੰਦਾ ਹੈ, ਜਿਸ ਦੀ ਅਗਵਾਈ ਉਸ ਨੂੰ ਗੁਰੂ ਪਾਤਸ਼ਾਹ ਤੋਂ ਮਿਲਦੀ ਹੈ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜੁ ਜੀਉ ॥ (ਪੰਨਾ ੭੪)

ਧਰਮੀ ਪੁਰਸ਼ ਦੀ ਰਾਜਨੀਤੀ ਦਾ ਆਧਾਰ ਧਰਮ ਹੀ ਹੁੰਦਾ ਹੈ ਤੇ ਇਹ ਰਾਜਨੀਤੀ ਧਰਮ ਵਾਂਗ ਹੀ ਨਿਰਮਲ, ਨਿਆਂਸ਼ੀਲ ਅਤੇ ਸੁਖਦਾਈ ਹੁੰਦੀ ਹੈ ਅਤੇ ਦਰ-ਅਸਲ ਧਰਮ ਦਾ ਹੀ ਅੰਗ ਹੁੰਦੀ ਹੈ।

**ਧਰਮ ਨੂੰ ਰਾਜ ਦੀ ਮੁਥਾਜੀ ?**

ਅੱਜ ਕਲ੍ਹ ਸਿੱਖ-ਜਗਤ ਵਿਚ ਇਕ ਗੱਲ ਦੀ ਬੜੀ ਚਰਚਾ ਹੈ ਕਿ ਰਾਜ ਤੋਂ ਬਗ਼ੈਰ ਧਰਮ ਨਹੀਂ ਚਲ ਸਕਦਾ। ਇਸ ਦੀ ਪੁਸ਼ਟੀ ਵਿਚ ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿਚੋਂ ਹੇਠ ਲਿਖੀ ਪੰਗਤੀ ਦੀ ਉਦਾਹਰਣ ਦਿੱਤੀ ਜਾਂਦੀ ਹੈ: ਰਾਜ ਬਿਨਾ ਨਹਿ ਧਰਮ ਚਲੈ ਹੈ ॥ ਧਰਮ ਬਿਨਾ ਸਭ ਦਲੈ ਮਲੈ ਹੈ ॥

ਇਹ ਸਿੱਖੀ ਦਾ ਸਿਧਾਂਤ ਨਹੀਂ। ਸਿੱਖੀ ਵਿਚ ਧਰਮ ਮੂਲ-ਤੱਤ ਹੈ ਅਤੇ ਇਹ ਮਨੁੱਖ ਦੇ ਸ਼ਖ਼ਸੀ ਅਤੇ ਸਮਾਜੀ ਜੀਵਨ ਦਾ ਧੁਰਾ ਹੈ। ਧਰਮ, ਅਥਵਾ ਖਾਲਸਾ-ਧਰਮ ਕਿਸੇ ਰਾਜ ਦਾ ਮੁਥਾਜ ਨਹੀਂ। ਜਿਹੜਾ ਧਰਮ ਰਾਜ ਦਾ ਮੁਥਾਜ ਹੈ, ਉਹ ਅਸਲ ਵਿਚ ਨਿਪੁੰਸਕ ਧਰਮ ਹੈ ਅਤੇ ਧਰਮ ਅਖਵਾਉਣ ਦੇ ਹਰਗਿਜ਼ ਲਾਇਕ ਨਹੀਂ।

ਸਿੱਖ ਇਤਿਹਾਸ ਗਵਾਹ ਹੈ ਕਿ ਜਦੋਂ ਜਦੋਂ ਸਿੱਖ ਕੌਮ ਦੀ ਚੜ੍ਹਦੀ ਕਲਾ ਹੋਈ, ਓਦੋਂ ਉਸ ਪਾਸ ਕੋਈ ਦੁਨਿਆਵੀ ਰਾਜ ਨਹੀਂ ਸੀ, ਧਰਮ ਅਤੇ ਕੇਵਲ ਧਰਮ ਹੀ ਪਾਸ ਸੀ। ਹਾਂ, ਧਰਮੀ-ਰਾਜ ਸਮੁੱਚੀ ਮਨੁੱਖਤਾ ਦੇ ਕਲਿਆਨ ਦਾ ਜ਼ਾਮਨ ਹੈ। ਪਰ ਇਸ ਵਿਚ ਵਿਸ਼ੇਸ਼ਤਾ ਧਰਮ ਦੀ ਹੀ ਹੈ।

ਔਰੰਗਜ਼ੇਬ ਦੇ ਸਮੇਂ ਰਾਜ-ਬਲ ਦੇ ਆਧਾਰ ਤੇ ਹਿੰਦੂਆਂ ਨੂੰ ਜਬਰਨ ਮੁਸਲਮਾਨ ਬਣਾਇਆ ਗਿਆ। ਇਸ ਨਾਲ ਬੇਸ਼ਕ ਇਸਲਾਮ ਦੀ ਜਨ-ਸੰਖਿਆ ਵਿਚ ਵਾਧਾ ਹੋਇਆ, ਪਰ ਇਸ ਵਾਧੇ ਦਾ ਅਧਾਰ ਚੂੰਕਿ ਜਬਰ ਜ਼ੁਲਮ ਸੀ, ਇਸ ਨਾਲ ਇਸਲਾਮ ਦੇ ਨਾਂ ਤੇ ਕਾਲਖ ਦਾ ਟਿੱਕਾ ਹੀ ਲਗਾ। ਜ਼ੋਰ ਜ਼ੁਲਮ ਜਾਂ ਲਾਲਚ ਦੇ ਬਲ-ਬੋਤੇ ਕੋਈ ਮਜ਼ਹਬ ਤਰੱਕੀ ਨਹੀਂ ਕਰ ਸਕਦਾ, ਭਾਵੇਂ ਉਸ ਕੋਲ ਰਾਜ ਵੀ ਹੋਵੇ, ਸਗੋਂ ਜ਼ਾਲਮ ਅਤੇ ਅੱਯਾਸ਼ ਰਾਜੇ ਕਿਸੇ ਧਰਮ ਦੀ ਆੜ ਲੈ ਕੇ ਆਪਣੀਆਂ ਕਾਲੀਆਂ ਕਰਤੂਤਾਂ ਨਾਲ ਉਸ ਮਜ਼ਹਬ ਨੂੰ ਬਦਨਾਮ ਕਰਦੇ ਹਨ।

**ਮੀਰੀ**

'ਮੀਰੀ' ਤੋਂ ਭਾਵ ਹੈ 'ਵਿਵਹਾਰਕ ਪੱਖ ਵਿਚ ਅਗਵਾਈ'। 'ਪੀਰੀ' ਵਾਲੀ 'ਮੀਰੀ' ਹੀ ਵਿਵਹਾਰਕ ਪੱਖ ਵਿਚ ਠੀਕ ਅਗਵਾਈ ਕਰ ਸਕਦੀ ਹੈ। 'ਪੀਰੀ' ਤੋਂ ਸਖਣੀ 'ਮੀਰੀ' ਤੋਂ ਸਹੀ ਅਗਵਾਈ ਦੀ ਆਸ ਰਖਣੀ ਨਿਰਮੂਲ ਹੈ। ਏਸੇ ਤੱਥ ਨੂੰ ਮੁਖ ਰਖ ਕੇ ਗੁਰੂ-ਪੀਰ ਨੇ ਖ਼ੁਦ ਮੀਰ ਬਣ ਕੇ ਜੀਵਨ ਦੀ ਸਹੀ ਸੇਧ ਦੇ ਪੂਰਨੇ ਪਾਏ। ਗੁਰੂ-ਪੀਰ ਦੇ ਦਰਸਾਏ ਗੁਰਮਤਿ-ਗਾਡੀ-ਰਾਹ ਵਿਚ ਪੀਰੀ ਤੇ ਮੀਰੀ ਦਾ ਸੁਮੇਲ ਹੀ ਨਹੀਂ, ਸਗੋਂ ਨਹੁੰ ਮਾਸ ਦਾ ਰਿਸ਼ਤਾ ਹੈ, ਪਰ 'ਮੀਰੀ' ਕੇਵਲ ਇਕ ਸਾਧਨ ਹੈ 'ਪੀਰੀ' ਦੇ ਪ੍ਰਸਾਰ ਲਈ। ਮੂਲ ਤੱਤ ਪੀਰੀ ਹੀ ਹੈ।

ਏਥੇ ਇਕ ਹੋਰ ਸੂਖਮ ਨੁਕਤਾ ਸਪੱਸ਼ਟ ਕਰਨ ਜੋਗ ਹੈ। ਸਿੱਖ-ਮੀਰੀ ਕੇਵਲ ਰਾਜਨੀਤੀ ਨਾਲ ਹੀ ਸੰਬੰਧਿਤ ਨਹੀਂ, ਸਗੋਂ ਜੀਵਨ ਦੇ ਹਰੇਕ ਵਿਵਹਾਰਕ ਖੇਤਰ ਵਿਚ ਅਗਵਾਈ ਕਰਦੀ ਹੈ। ਇਕ ਗੁਰਸਿੱਖ ਜੋ ਅੰਤਰ-ਆਤਮੇ ਪਰਮੇਸ਼ਰ ਨਾਲ ਲਿਵਲੀਨ ਅਤੇ ਸਰਬੱਤ ਦੇ ਭਲੇ ਦਾ ਇਛੁਕ ਹੈ, ਉਹ ਅਵੱਸ਼ ਹੀ 'ਮੀਰ'


www.AKJ.Org

ਹੈ, ਭਾਵੇਂ ਉਸ ਪਾਸ ਦੁਨਿਆਵੀ ਐਸ਼ਵਰਜ ਦੀ ਮੂਲੋਂ ਹੀ ਅਣਹੋਂਦ ਹੋਵੇ। ਗੁਰੂ-ਪੀਰ ਦਾ ਨਿਰਣਾ ਹੈ :—

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥
ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕ ਨ ਸਿੰਨਾ ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥ (ਪੰਨਾ ੭੦੭)

ਸਿੱਖ-ਮੀਰ 'ਅਣਹੋਂਦਾ ਆਪੁ ਵੰਡਾਏ' ਦੀ ਭਾਵਨਾ ਨਾਲ ਮਾਲਾ ਮਾਲ ਹੁੰਦਾ ਹੈ। ਜੇ ਕਿਸੇ ਕੋਲ ਇਹ ਭਾਵਨਾ ਨਹੀਂ ਤਾਂ ਰਾਜ ਸਾਜ ਹੁੰਦਿਆਂ ਵੀ ਕੋਈ 'ਸਿੱਖ-ਮੀਰੀ' ਦਾ ਹੱਕਦਾਰ ਨਹੀਂ।

ਸਿੱਖ-ਮੀਰੀ ਦੇ ਗੁਣਾਂ ਦਾ ਸੰਕੇਤ ਗੁਰਬਾਣੀ ਅਤੇ ਸਿੱਖ ਇਤਿਹਾਸ 'ਚੋਂ ਥਾਉਂ ਥਾਈਂ ਮਿਲਦਾ ਹੈ :

(੧) ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥ (ਪੰਨਾ ੯੯੨)

(੨) ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥
ਏ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥ (ਪੰਨਾ ੧੦੮੮)

(੩) ਜੈਸੇ ਰਾਜਾ ਧਰਮ ਸਰੂਪ ਰਾਜਨੀਤੀ ਬਿਖੈ ਤਾ ਕੇ ਦੇਸ ਪਰਜਾ ਬਸਤ ਸੁਖ ਪਾਇ ਕੈ ॥
(੪੧੮, ਕਬਿਤ ਭਾ. ਗੁਰਦਾਸ ਜੀ)

(੪) ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥ (ਪੰਨਾ ੧੨੪੦)

(੫) ਖਲਕ ਖਾਲਕ ਕੀ ਜਾਨ ਕੈ ਖਲਕ ਦੁਖਾਵੈ ਨਾਹਿ ॥
ਖਲਕ ਦੁਖੈ ਜੋ ਨੰਦ ਜੀ ਖਾਲਿਕ ਕੋਪੈ ਤਾਹਿ ॥ (ਤਨਖਾਹਨਾਮਾ, ਭਾ. ਨੰਦ ਲਾਲ ਜੀ)

(੬) ਬਾਬਰ ਨੇ ਬੇਨਤੀ ਕੀਤੀ 'ਮੁਝੇ ਉਪਦੇਸ਼ ਕਰੋ।' ਬਚਨ ਹੋਇਆ ਧਰਮ ਦਾ ਨਿਆਉ ਕਰਨਾ, ਬਜ਼ੁਰਗਾਂ ਦੀ ਖਿਜਮਤ ਕਰਨੀ, ਗਰੀਬਾਂ ਨਾਲ ਵੰਡ ਖਾਣਾ ਅਰ ਖੁਦਾਇ ਦੀ ਬੰਦਗੀ ਕਰਨੀ, ਤਾਂ ਥੁਹਾਡਾ ਰਾਜ ਥਿਰ ਰਹੇਗਾ। (ਗਿਆਨ ਰਤਨਾਵਲੀ ਟੀਕਾ, ੨੭ਵੀਂ ਪਉੜੀ)

(੭) ਸਚੇ ਧਰਮੀ ਰਾਜ ਦੀ ਸਹੀ ਨਿਸ਼ਾਨੀ ਇਹ ਹੈ ਕਿ ਉਹ ਜੀਵਨ ਦੇ ਹਰ ਖੇਤਰ ਵਿਚ ਧਰਮ ਹੀ ਵਰਤਾਏਗਾ। (ਪ੍ਰੇਮ ਸੁਮਾਰਗ)

(੮) ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ (ਪੰਨਾ ੧੨੪੫)

(੯) ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥ (ਪੰਨਾ ੨੬)

ਸੋ ਸਿਖ-ਮੀਰੀ ਦਾ ਨਿਸ਼ਾਨਾ ਹਵਸ-ਪੂਰਤੀ ਨਹੀਂ, ਸਗੋਂ ਮਨੁਖਤਾ ਦਾ ਸੇਵਾ ਹੁੰਦਾ ਹੈ।

## ਪੀਰੀ ਅਤੇ 'ਮੀਰੀ' ਦਾ ਰਹੱਸ

ਜਗਤ-ਖੇਡ ਦਾ ਕਰਤਾ ਅਕਾਲ ਪੁਰਖ ਹੈ, ਜੋ 'ਧਰਮ-ਧੁਜਾ' ਹੈ। ਸੰਸਾਰ ਉਤੇ ਧਰਮ ਦੇ ਪਰਸਾਰ ਅਤੇ ਅਧਰਮ ਦੇ ਵਿਨਾਸ ਦੀ ਬਿਧਿ ਅਕਾਲ ਪੁਰਖ ਸਮੇਂ ਸਮੇਂ ਬਣਾਉਂਦਾ ਰਹਿੰਦਾ ਹੈ। ਏਸੇ ਕੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਸਾਰ ਉਤੇ ਪ੍ਰਕਾਸ਼[8] ਹੋਇਆ। ਰਬੀ ਭਟਾਂ ਨੇ ਇਸ ਸੱਚ ਦੀ ਗਵਾਹੀ ਭਰੀ। ਬਲਿਓ ਚਰਾਗ ਸਤਿਗੁਰਾਂ ਨੇ ਧਰਤੀ ਉੱਤੇ ਸੱਚ ਦੇ ਆਧਾਰ ਤੇ ਧਰਮ ਦੇ ਰਾਜ[9] ਦੀ ਨੀਂਹ ਰਖੀ। ਆਪ ਨੇ ਧਰਮ-ਪੰਥ[10] ਸਥਾਪਿਤ ਕੀਤਾ। ਦਸਮ ਗੁਰੂ-ਪੀਰ ਨੇ ਬਚਿਤਰ ਨਾਟਕ ਵਿਚ ਖ਼ੁਦ ਇਸ ਤੱਥ ਵਲ ਸੰਕੇਤ ਕੀਤਾ :—

---

8. ਸੁਣੀ ਪੁਕਾਰ ਦਾਤਾਰਿ ਪ੍ਰਭਿ ਗੁਰੁ ਨਾਨਕੁ ਜਗ ਮਾਹਿ ਪਠਾਇਆ ॥ (ਭਾਈ ਗੁਰਦਾਸ ਜੀ. ੧/੨੩)
9. ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥ (ਪੰ. ੯੬੮)
10. ਤਿਨ ਇਹ ਕਲ ਮੋ ਧਰਮੁ ਚਲਾਯੋ ॥ ਸਭ ਸਾਧਨ ਕੋ ਰਾਹੁ ਬਤਾਯੋ ॥੫॥ (ਬਚਿਤ੍ਰ ਨਾਟਕ)



www.AKJ.Org

ਤਿਨ ਇਹ ਕਲ ਮੋ ਧਰਮੁ ਚਲਾਯੋ ॥ ਸਭ ਸਾਧਨ ਕੋ ਰਾਹੁ ਬਤਾਯੋ ॥੫॥ [ਅਧਿ: ੫

ਸੱਚੇ ਧਰਮ ਦਾ ਸਿੰਘ-ਨਾਦ ਸੁਣ ਕੇ ਹਿੰਦੂ ਮੁਸਲਮਾਨ ਦੋਹਾਂ ਧਿਰਾਂ ਨੇ ਸਤਿਗੁਰਾਂ ਨੂੰ ਪੀਰ[11] ਤਸਲੀਮ ਕੀਤਾ। ਕਲਜੁਗ ਦੇ ਦੂਸ਼ਤ ਵਾਤਾਵਰਣ ਵਿਚ ਧਰਮ ਕਮਾਉਣਾ ਤੇ ਧਰਮ ਪਰਸਾਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ, ਪਰ ਸਤਿਗੁਰਾਂ ਨੇ ਨਿਰਭਉ ਨਿਰਵੈਰ ਹੋ ਕੇ ਗੱਜ ਵੱਜ ਕੇ ਧਰਮ ਦਾ ਡੰਕਾ[12] ਚਹੂੰ ਕੂੰਟਾਂ ਵਿਚ ਖੜਕਾਇਆ।

## ਧਰਮ ਕਮਾਉਣਾ-ਨਿਰੰਤਰ ਸੰਘਰਸ਼

ਗੁਰੂ-ਪੀਰ ਨੇ ਧਰਮ-ਮਾਰਗ ਦੇ ਪਾਂਧੀ ਆਪਣੇ ਗੁਰਸਿੱਖ-ਪੁਤਰਾਂ ਨੂੰ ਸਮਝਾਇਆ ਕਿ ਧਰਮ ਜੰਗਲਾਂ ਵਿਚ ਜਾਂ ਪਹਾੜਾਂ ਦੀਆਂ ਗੁਫਾਵਾਂ ਵਿਚ ਬਹਿ ਕੇ ਕਮਾਉਣ ਵਾਲੀ ਸ਼ੈ ਨਹੀਂ, ਸਗੋਂ ਇਹ ਸੰਸਾਰ[13] ਰਣ-ਖੇਤਰ ਵਿਚ ਵਿਚਰ ਕੇ ਕਮਾਇਆ ਜਾਣਾ ਬਣਦਾ ਹੈ। ਗੁਰੂ-ਪੀਰ ਵਲੋਂ ਪ੍ਰਚਾਰੀ ਗਈ ਧਰਮ ਕਮਾਉਣ ਦੀ ਫਿਲਾਸਫੀ ਇਸ ਪ੍ਰਕਾਰ ਸੀ :

"ਇਹ ਦ੍ਰਿਸ਼ਟਮਾਨ ਸੰਸਾਰ ਚੋਜ-ਵਿਡਾਣੀ ਕਰਤਾ ਪੁਰਖ ਦਾ ਰਚਿਆ ਰਣ-ਖੇਤਰ[14] ਹੈ। ਇਸ ਵਿਚ ਨੇਕੀ ਬਦੀ, ਪਰਵਿਰਤੀ ਨਿਰਵਿਰਤੀ, ਸ਼ਿਵ ਸ਼ਕਤੀ, ਲਿਵ ਧਾਤ, ਆਦਿ ਪਰਸਪਰ ਵਿਰੋਧੀ ਤਰਫ਼ਾਂ[15] ਕਰਤਾ ਪੁਰਖ ਨੇ ਆਪਣੀ ਰਜ਼ਾ ਵਿਚ ਬਣਾਈਆਂ ਹਨ ਅਤੇ ਇਹਨਾਂ ਵਿਰੋਧੀ ਸ਼ਕਤੀਆਂ ਦੇ ਸੰਘਰਸ਼ ਦੀ ਬਿਧਿ ਵੀ ਕਰਤਾ ਪੁਰਖ ਨੇ ਧੁਰੋਂ ਆਪ ਬਣਾ ਰਖੀ ਹੈ। ਇਹ ਸੰਘਰਸ਼ ਸ੍ਰਿਸ਼ਟੀ ਦੇ ਆਦਿ-ਕਾਲ ਤੋਂ ਮਨੁੱਖ ਦੇ ਅੰਦਰ (ਪਿੰਡ ਵਿਚ) ਅਤੇ ਬਾਹਰ (ਬ੍ਰਹਮੰਡ ਵਿਚ) ਨਿਰੰਤਰ ਹੁੰਦਾ ਆ ਰਿਹਾ ਹੈ। ਇਸ ਅੰਦਰਲੇ ਅਤੇ ਬਾਹਰਲੇ ਸੰਘਰਸ਼ ਵਿਚ ਗੁਰੂ-ਪੀਰ ਦਾ ਥਾਪੜਾ ਲੈ ਕੇ ਨਿਰਭਉ ਨਿਰਵੈਰ ਹੋ ਕੇ ਜੂਝਣਾ ਧਰਮ ਕਮਾਉਣਾ ਹੈ।"

ਇਹ ਖੰਡੇ-ਧਾਰ[16] ਮਾਰਗ ਹੈ, ਸੂਲੀ ਉਤੇ ਖੇਡਣ ਵਾਲੀ ਗੱਲ ਹੈ। ਗੁਰੂ-ਪੀਰ ਨੇ ਆਪਣੇ ਸਿੱਖ-ਪੁਤਰਾਂ ਨੂੰ ਵੰਗਾਰਿਆ ਕਿ ਜਿਸ ਅੰਦਰ ਧਰਮ-ਮਾਰਗ ਤੇ ਚਲਣ ਦਾ ਚਾਉ ਹੈ ਉਹ ਆਪਣਾ ਸਿਰ ਤਲੀ[17] ਤੇ ਧਰ ਕੇ ਏਧਰ ਪੈਰ ਧਰੇ।

ਗੁਰ-ਪੀਰ ਨੇ ਰਣ-ਭੂਮੀ ਦੇ ਵੈਰੀ-ਦਲ ਦਾ ਵੇਰਵਾ ਦੇਂਦਿਆਂ ਫ਼ੁਰਮਾਇਆ ਕਿ ਮਨੁੱਖ ਦਾ ਮਨ[18] ਬ੍ਰਹਮ ਨੂੰ ਛੱਡ ਕੇ ਉਸ ਦੀ ਰਚੀ ਮਾਇਆ ਉਤੇ ਮੋਹਤ ਹੋ ਕੇ ਉਸ ਦੇ ਹੱਥ ਵਿਕਿਆ ਪਿਆ ਹੈ। ਮਾਇਆ ਦੇ

---

11. ਜਾਹਰ ਪੀਰੁ ਜਗਤ ਗੁਰੁ ਬਾਬਾ ॥ (ਭਾਈ ਗੁਰਦਾਸ ਜੀ. ੨੪/੩,੪)
12. ਜਿਤੀ ਨਉਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥......
    ਹਿੰਦੂ ਮੁਸਲਮਾਨ ਨਿਵਾਇਆ ॥ (ਭਾਈ ਗੁਰਦਾਸ ਜੀ, ੧/੩੭)
13. ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥ (ਪੰ. ੧੪੨੧)
14. ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥ ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥
    ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥ ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ ॥ (ਪੰ. ੧੨੮੦)
15. ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥
    ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥
    ਮਨਮੁਖ ਕਚੇ ਕੂੜਿਆਰ ਤਿਨੀ ਨਿਹਚਉ ਦਰਗਹ ਹਾਰਿਆ ॥ (ਪੰ. ੧੨੮੦)
16. ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥ (ਪੰ: ੭੯੪)
17. ੳ. ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇਧਾਰ ॥ (ਪੰ: ੫੩੪)
    ਅ. ਜਉ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
    ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ (ਪੰ. ੧੪੧੨)
18. ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥ (ਪੰ: ੪੧੫)



www.AKJ.Org

ਪੰਜਾਂ[19] ਸ਼ਕਤੀਸ਼ਾਲੀ ਜਰਨੈਲ ਹਨ, ਜੋ ਹਰੇਕ ਜੀਵ ਦੇ ਮਨ ਨੂੰ ਫੰਧੇ ਵਿਚ ਫਸਾ ਲੈਂਦੇ ਹਨ । ਇਹਨਾਂ ਪੰਜਾਂ ਜਰਨੈਲਾਂ ਦੀ ਅਗੋਂ ਈਰਖਾ, ਦਵੇਖ, ਆਸ਼ਾ, ਤ੍ਰਿਸ਼ਨਾ, ਜੂਠ, ਝੂਠ, ਖ਼ੁਦਗਰਜ਼ੀ, ਨਿੰਦਾ, ਬਖ਼ੀਲੀ, ਆਦਿ ਦੀ ਵਡੀ ਹਠੱਲੀ ਫ਼ੌਜ[20] ਹੈ । ਇਸ ਡੂਰਲੀ-ਜਥੇ[21] ਦੇ ਬਲ ਬੋਤੇ ਮਾਇਆ ਨੇ ਵਡੇ ਵਡੇ ਖਬੀਖਾਨਾਂ[22] ਨੂੰ ਨਕੇਲ ਪਾਈ ਹੋਈ ਹੈ ਤੇ ਸਾਰੇ ਮਾਇਆ ਦੀ ਤਾਬਦਾਰੀ ਕਰਦੇ ਹਨ । ਕੋਈ ਬਲੀ ਸੂਰਮਾ ਹੀ ਇਸ ਵੈਰੀ ਦਲ ਦੇ ਟਾਕਰੇ ਤੇ ਨਿਤਰਦਾ ਹੈ । ਜਿਹੜਾ ਨਿਤਰਦਾ ਤੇ ਜੂਝਦਾ ਹੈ ਉਹੀ ਸੱਚਾ ਧਰਮੀ ਹੈ ।

'ਗੁਰੂ-ਪੀਰ' ਨੇ ਧਰਮ ਮਾਰਗ ਦੇ ਪਾਂਧੀ ਆਪਣੇ ਗੁਰਸਿਖ-ਪੁਤਰਾਂ ਨੂੰ ਇਹ ਧਰਮ-ਜੁਧ ਜੂਝਣ ਲਈ ਉਤੇਜਤ ਕੀਤਾ ਤੇ ਸੂਰਮਗਤੀ ਦਾ ਅਸਲੀ ਭੇਤ ਸਮਝਾਇਆ । ਆਪ ਨੇ ਫ਼ੁਰਮਾਇਆ ਕਿ ਸੂਰਮੇ ਉਹ ਨਹੀਂ ਜਿਹੜੇ ਮੁਲਕਾਂ ਤੇ ਕਬਜ਼ੇ ਕਰਨ ਲਈ ਕ੍ਰੋਧ ਜਾਂ ਹੰਕਾਰ ਦੇ ਜਜ਼ਬੇ ਅਧੀਨ ਲੜਦੇ ਹਨ, ਸਗੋਂ ਅਸਲੀ ਸੂਰਮੇ[23] ਉਹ ਹਨ ਜੋ ਆਤਮ-ਰੰਗ ਵਿਚ ਰੰਗੀਜ, ਅਥਵਾ, ਭਗਤੀ ਚੋਂ ਸ਼ਕਤੀ ਲੈ ਕੇ ਆਪਣੇ ਆਕੀ (ਬਾਗ਼ੀ) ਹੋਏ ਮਨ ਨਾਲ ਜੁਧ ਕਰਕੇ, ਮਨ ਨੂੰ ਅਤੇ ਇਸ ਦੇ ਕਾਮਾਦਿਕ ਪੰਜਾਂ ਜਰਨੈਲਾਂ ਨੂੰ ਆਪਣੇ ਵਸਗਤ ਕਰਦੇ ਹਨ । ਪਰ ਇਹ ਹਾਰੀ ਸਾਹੀ ਦੇ ਵਸ ਦੀ ਖੇਡ ਨਹੀਂ । ਇਸ ਜੁਧ ਲਈ ਆਪਣੇ ਅਸਲੇ ਦੀ ਪਛਾਣ ਕਰ ਲੈਣੀ ਮੁਢਲੀ ਸ਼ਰਤ ਹੈ । ਆਤਮ ਚੀਨਣ ਮਗਰੋਂ ਹੀ ਪਰਾਤਮ ਚੀਨਣ ਦੀ ਕਲਾ ਵਰਤਦੀ ਹੈ ।

**ਮਰ ਕੇ ਜੀਉਣ ਦਾ ਰਹੱਸ** :

ਆਪਾ ਚੀਨਣ ਬਾਰੇ ਗੁਰੂ-ਪੀਰ ਨੇ ਆਪਣੇ ਸਿੱਖ-ਪੁੱਤਰਾਂ ਨੂੰ ਇਕ ਹੋਰ ਗੁਹਜ ਭੇਤ ਸਮਝਾਇਆ । ਉਹ ਇਹ ਕਿ ਮਨੁੱਖ ਦਾ ਅਸਲ ਆਪਾ ਉਸਦੀ 'ਆਤਮਾ' ਹੈ, ਜੋ ਪਰਮਾਤਮਾ ਦੀ ਅੰਸ਼ ਹੋਣ ਕਾਰਣ ਅਮਰ ਤੇ ਅਬਿਨਾਸ਼ੀ ਹੈ : ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥੧॥ਰਹਾਉ॥ (ਪੰਨਾ ੮੬੮)

ਪਰ ਜੀਵ ਨੇ ਹਉਮੈ ਦੇ ਅਧੀਨ ਆਪਣੀ ਅਡਰੀ ਹੋਂਦ (ਆਪਾ) ਮਿਥ ਰਖੀ ਹੈ, ਜੋ ਜੰਮਦੀ ਮਰਦੀ ਰਹਿੰਦੀ ਹੈ, ਗੁਰਵਾਕ :

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥ (ਪੰਨਾ ੯੯੯)

ਪਰ ਜਦੋਂ ਇਹ ਹਉਮੈ ਅਥਵਾ ਅਡਰੀ ਹੋਂਦ ਗੁਰ-ਸ਼ਬਦ ਦੁਆਰਾ ਮਰਦੀ ਹੈ ਤਾਂ ਮਨੁੱਖ ਦਾ 'ਸੁਧ-ਆਪਾ' ਸਾਮ੍ਹੱਖ ਹੋ ਜਾਂਦਾ ਹੈ । ਇਹ ਹੈ ਗੁਰ-ਸ਼ਬਦ ਦੁਆਰਾ ਮਰ ਕੇ ਜੀਅ ਉਠਣ ਦਾ ਰਹੱਸ । ਗੁਰਵਾਕ :

---

19. ੳ. ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ, ਕੋਇ ਨ ਸੁਣੈ ਪੁਕਾਰਾ ॥ (ਪੰ: ੬੦੦)
ਅ. ਮਾਣਸ ਦੇਹੀ ਪੰਜਿ ਰੋਗ ਪੰਜੇ ਦੂਤ ਕਸੂਤ ਕਰੇਂਦੇ ॥ (ਭਾਈ ਗੁਰਦਾਸ ਜੀ, ੫/੨੦)

20. ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥ (ਪੰ: ੪੦੪)

21. ਰਾਜੁ ਮਾਲੁ ਰੂਪੁ ਜਾਤਿ, ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥ (ਪੰ: ੧੨੮੮)

22. ਜੋਗੀ ਜੰਗਮ ਅਰੁ ਸੰਨਿਆਸ ॥ ਸਭ ਹੀ ਪਰਿ ਡਾਰੀ ਇਹ ਫਾਸ ॥ (ਪੰ: ੧੧੮੬)

23. ੳ. ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥
ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥
ਅਤਿ ਕ੍ਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥ (ਪੰ: ੧੦੮੯)
ਅ. ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥
ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥ ......
ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥ (ਪੰ: ੧੦੮੯)
ੲ. ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥ (ਪੰ: ੪੦੪)


www.AKJ.Org

ੳ. ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥ (ਪੰਨਾ ੬੦੪)

ਅ. ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥ (ਪੰਨਾ ੬੦੧)

ਗੁਰ-ਸ਼ਬਦ ਇਕ ਪਾਸੇ ਮਨੁੱਖ ਦੀ ਹਉਮੈ ਨੂੰ ਨਾਸ਼ ਕਰਦਾ ਹੈ, ਦੂਜੇ ਪਾਸੇ ਮਨੁੱਖ ਨੂੰ ਜੀਅ-ਦਾਨ ਦੇਂਦਾ ਤੇ ਆਵਾਗਵਨ ਮੇਟਦਾ ਹੈ।

ਗੁਰੂ-ਪੀਰ ਦੇ ਸ਼ਬਦ-ਸੂਰ, ਮਰਜੀਵੜੇ ਸਿਖ-ਪੁੱਤਰ ਤਾਹੀਓਂ ਮੌਤ ਤੋਂ ਬੇਖ਼ੌਫ ਹੋ ਕੇ ਧਰਮ-ਜੁਧ ਵਿਚ ਜੂਝਦੇ ਹਨ। ਸਗੋਂ ਉਹ ਇਕ ਮੰਜ਼ਲ ਹੋਰ ਅਗੇ ਜਾਂਦੇ ਹਨ ਅਤੇ ਮੌਤ ਦਾ ਆਨੰਦ ਮਾਣਦੇ ਹਨ।

ਇਸ ਅੰਦਰਲੇ (ਪਿੰਡ ਵਿਚਲੇ) ਧਰਮ-ਜੁਧ ਵਿਚ ਸ਼ਤਰੂ ਸੈਨਾ ਨਾਲ ਜੂਝਣ ਲਈ ਗੁਰੂ-ਪੀਰ ਨੇ ਆਪਣੇ ਸਿੱਖ-ਪੁਤਰਾਂ ਨੂੰ 'ਗਿਆਨ[24] ਖੜਗ' ਇਕ ਅਜਿਹਾ ਅਮੋਘ ਸ਼ਸਤਰ ਬਖਸ਼ਿਆ ਜੋ ਕਦੀ ਖੁੰਢਾ ਨਹੀਂ ਹੁੰਦਾ ਅਤੇ ਜਿਸ ਦਾ ਵਾਰ ਕਦੀ ਖ਼ਾਲੀ ਨਹੀਂ ਜਾਂਦਾ। ਦੁਸ਼ਮਨ ਦੀ ਆਸੁਰੀ ਫ਼ੌਜ ਦੇ ਟਾਕਰੇ ਤੇ ਗੁਰੂ-ਪੀਰ ਨੇ ਸਤ,[25] ਸੰਤੋਖ, ਦਇਆ, ਧਰਮ, ਧੀਰਜ, ਨੇਕੀ, ਪਰਉਪਕਾਰ, ਖਿਮਾ, ਨਿਮ੍ਰਤਾ, ਮਿੱਠਤ, ਪ੍ਰੇਮ, ਵੈਰਾਗ, ਤਿਆਗ, ਕੁਰਬਾਨੀ, ਸਤਿਸੰਗਤ ਆਦਿ ਸਤਵਾਦੀ ਫ਼ੌਜ ਭਰਤੀ ਕਰਨ ਦੀ ਪ੍ਰੇਰਨਾ ਦਿੱਤੀ।

ਧਰਮ-ਜੁਧ ਦੇ ਵਿਜਈ ਗੁਰੂ-ਪੀਰ ਨੇ ਸੁਜਾਨ ਜਰਨੈਲਾਂ ਵਾਂਗ ਆਪਣੇ ਸਿੱਖ-ਪੁਤਰਾਂ ਨੂੰ ਅੰਦਰਲੀ ਜੁਧ-ਨੀਤੀ ਵਿਚ ਨਿਪੁੰਨ ਕਰਨ ਲਈ ਆਪਣੇ ਅਤੇ ਹੋਰ ਵਿਜਈ ਜਰਨੈਲਾਂ ਦੇ ਜੰਗੀ ਤਜਰਬੇ ਤੋਂ ਜਾਣੂ ਕਰਾਇਆ :

(ੳ) ਮੈਂ ਧਰਤੀ ਦੇ ਮਾਲਕ ਦਾ ਪਹਿਲਵਾਨ[26] ਹਾਂ। ਛਿੰਝ ਵਿਚ ਜਿਤ ਪ੍ਰਾਪਤ ਕਰਨ ਵਜੋਂ ਗੁਰੂ ਪਾਤਸ਼ਾਹ ਨੇ ਮੈਨੂੰ ਜਿੱਤ ਦਾ ਮਾਲੀ—'ਦੁਮਾਲਾ' ਬਖਸ਼ਿਆ ਹੈ, ਜਿਸ ਦੀ ਝਾਲ ਨਹੀਂ ਝਲੀ ਜਾਂਦੀ।

ਛਿੰਝ ਦਾ ਧੌਂਸਾ ਵਜਦਿਆਂ ਦਰਸ਼ਕਾਂ ਦੀ ਭੀੜ ਪੈ ਗਈ। ਮੇਰਾ ਮਾਲਕ ਵੀ ਇਹ ਤਮਾਸ਼ਾ ਵੇਖਣ ਆ ਬੈਠਾ। ਢੋਲ ਢਮੱਕੇ ਦੀ ਖੜਕਾਰ ਵਿਚ ਮੇਰੇ ਮੁਕਾਬਲੇ ਤੇ ਮਾਇਆ ਦੇ ਪੰਜ ਭੂਤਰੇ ਹੋਏ ਭਲਵਾਨ ਅਥਾਹ ਭੜਥੂ ਪਾਉਂਦੇ ਹੋਏ ਅਖਾੜੇ ਵਿਚ ਆ ਲਥੇ। ਭਲਵਾਨਾਂ ਦਾ ਭੇੜ ਵੇਖਣ ਲਈ ਸਾਰੇ ਉਤਸੁਕ ਸਨ।

ਮੇਰੇ ਗੁਰੂ ਨੇ ਮੇਰੀ ਕੰਡ ਉਤੇ ਥਾਪੜਾ ਦਿਤਾ। ਬਸ ਫਿਰ ਕੀ ਸੀ, ਮੈਂ ਤਾਬੜ-ਤੋੜ ਪੰਜਾਂ ਭਲਵਾਨਾਂ ਤੇ ਟੁਟ ਪਿਆ ਤੇ ਗੁਰੂ-ਮਿਹਰ ਸਦਕਾ ਪੰਜਾਂ ਨੂੰ ਪਟਕਾਅ ਮਾਰਿਆ।

(ਅ) ਇਸ ਬਾਂਕੇ[27] ਸਰੀਰ-ਕਿਲ੍ਹੇ ਉਤੇ ਕਬਜ਼ਾ ਕਿਵੇਂ ਹੋ ਸਕੇ ? ਕਿਲ੍ਹੇ ਦੁਆਲੇ ਦਵੈਤ ਦੀ ਦੂਹਰ੍ਹੀ

---

24. ੳ. ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥
ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥ (ਪੰ: ੧੦੮੭)
ਅ. ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥ (ਪੰ: ੧੪੧੪)
25. ੳ. ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥ (ਪੰ: ੮੨੨)
ਅ. ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥ ਪੂਰੇ ਗੁਰ ਕੈ ਸਬਦਿ ਸਮਾਹਿ ॥ਰਹਾਉ॥ (ਪੰ: ੩੬੧)
26. ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥ ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥ ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥ (ਪੰ: ੭੪)
27 ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ਰਹਾਉ॥ ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥ ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥ ਕਾਮੁ ਕਿਵਾਰੀ ਦੁਖ ਸੁਖ ਦਰਵਾਨੀ ਪਾਪੁ ਪੁੰਨੁ ਦਰਵਾਜਾ ॥ ਕ੍ਰੋਧੁ ਪ੍ਰਧਾਨ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥ ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥ ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥ ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥ ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥ ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥ ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥ ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥ ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥੬॥ (ਪੰ: ੧੧੬੧-੬੨)


www.AKJ.Org

ਕੋਧ ਬਣੀ ਹੋਈ ਹੈ ਤੇ ਇਸ ਦੇ ਦੁਆਲੇ ਰਜੋ, ਤਮੋ, ਸਤੋ ਦੀ ਤੀਹਰੀ ਖਾਈ ਪੁੱਟੀ ਹੋਈ ਹੈ। ਪ੍ਰਬਲ ਮਾਇਆ ਦੀ ਮੋਰਚਾ-ਬੰਦੀ ਦੀ ਆੜ ਲੈ ਕੇ ਉਸ ਦੇ ਭੂਤਰੇ ਹੋਏ ਪੰਜ ਜਰਨੈਲ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ), ਪੰਝੀ ਤੱਤ, ਮੋਹ ਅਤੇ ਈਰਖਾ ਆਦਿ ਅਨੇਕ ਫ਼ੌਜ, ਜੰਗ ਲਈ ਤਿਆਰ-ਬਰ-ਤਿਆਰ ਖੜੀ ਹੈ। ਕੀ ਕੀਤਾ ਜਾਏ ?

ਜਿਸ ਮਜ਼ਬੂਤ ਕਿਲ੍ਹੇ ਵਿਚ ਬਾਗ਼ੀ ਹੋਇਆ ਮਨ, ਰਾਜਾ ਬਣਿਆ ਬੈਠਾ ਹੈ, ਉਸ ਕਿਲ੍ਹੇ ਨੂੰ 'ਪਾਪ' ਅਤੇ 'ਪੁੰਨ' ਦੋ ਬੱਜਰ ਕਿਵਾੜ ਜੜੇ ਹੋਏ ਹਨ। 'ਕਾਮ' ਗੇਟਕੀਪਰ ਹੈ, 'ਦੁਖ' ਅਤੇ 'ਸੁਖ' ਦੋ ਦਰਬਾਨ ਪਹਿਰੇ ਤੇ ਖੜੇ ਹਨ ਅਤੇ ਲੜਾਕੂ 'ਕ੍ਰੋਧ' ਕਿਲ੍ਹੇ ਦੀ ਕਮਾਨ ਸੰਭਾਲੀ ਬੈਠਾ ਹੈ।

ਆਕੀ ਹੋਏ ਮਨ-ਰਾਜੇ ਨੇ ਚਸਕਿਆਂ ਦੀ ਸੰਜੋਅ ਅਤੇ ਮਮਤਾ ਦਾ ਖੋਦ ਪਹਿਨ ਰਖਿਆ ਹੈ। ਖੋਟੀ-ਮਤ ਦੀ ਕਮਾਨ ਵਿਚੋਂ ਤ੍ਰਿਸ਼ਨਾ ਦੇ ਤੀਰਾਂ ਦੀ ਬੁਛਾੜ ਹੋ ਰਹੀ ਹੈ। ਕਿਲ੍ਹਾ ਜਿਤਣਾ ਅਤਿ ਕਠਿਨ ਹੈ।

ਗੁਰ-ਪੀਰ ਵਲੋਂ ਚੜ੍ਹਦੀ ਕਲਾ (ਨਾਹਿ ਦੇਖਿ ਨ ਭਾਜੀਐ ਪਰਮ ਸਿਆਨਪ ਏਹ) ਦੀ ਗੁੜ੍ਹਤੀ ਮਿਲੀ ਹੋਣ ਕਾਰਨ ਮੈਂ ਹੌਸਲਾ ਨਾ ਹਾਰਿਆ। ਸਿਮਰਨ ਦੁਆਰਾ ਮੈਂ ਆਪਣੇ ਅੰਦਰ ਬ੍ਰਹਮ-ਅਗਨੀ ਪ੍ਰਜਵਲਤ ਕੀਤੀ, ਸੁਰਤਿ-ਹਵਾਈ ਨਾਲ ਪ੍ਰੇਮ ਦਾ ਪਲੀਤਾ ਦਾਗ ਕੇ ਗਿਆਨ ਦਾ ਗੋਲਾ ਚਲਾਇਆ। ਬਸ, ਇਕੋ ਹੀ ਚੋਟ ਨਾਲ ਕਿਲ੍ਹੇ ਦੀ ਦੀਵਾਰ ਵਿਚ ਪਾੜ ਪੈ ਗਿਆ। ਹਥੋ ਹਥ ਲੜਾਈ ਸ਼ੁਰੂ ਹੋ ਗਈ। 'ਸਤ' 'ਸੰਤੋਖ' ਜਰਨੈਲਾਂ ਦੀ ਸਹਾਇਤਾ ਨਾਲ ਮੈਂ 'ਪਾਪ', 'ਪੁੰਨ' ਦੋਵੇਂ ਦਰਵਾਜ਼ੇ ਭੰਨ ਸੁੱਟੇ ਤੇ ਅੰਦਰ ਜਾ ਵੜਿਆ। ਸਤਿਗੁਰੂ ਪਾਤਸ਼ਾਹ ਅਤੇ ਸਾਧ ਸੰਗਤਿ ਦੀ ਬਖ਼ਸ਼ਿਸ਼ ਸਦਕਾ ਮੈਂ ਮਨ-ਰਾਜੇ ਨੂੰ ਕਾਬੂ ਕਰ ਲਿਆ। ਆਪਣਾ ਰਾਜਾ ਕਾਬੂ ਹੋਇਆ ਵੇਖ ਕੇ ਵੈਰੀ-ਦਲ ਨੇ ਹਥਿਆਰ ਸੁਟ ਦਿੱਤੇ ਅਤੇ ਈਨ ਮੰਨ ਲਈ। ਹੁਣ ਮੈਂ ਹਰ ਪਾਸਿਓਂ; ਹੋਰ ਤਾਂ ਹੋਰ, ਮੌਤ ਵਲੋਂ ਵੀ ਬੇਖ਼ੌਫ਼ ਹੋ ਗਿਆ ਹਾਂ ਅਤੇ ਅਜਿਹਾ ਰਾਜ ਪ੍ਰਾਪਤ ਕਰ ਲਿਆ ਹੈ ਜੋ ਕਦੀ ਨਾਸ ਨਹੀਂ ਹੋਣਾ।

ਇਸ ਜਿੱਤ ਵਿਚ ਮੇਰਾ (ਕਬੀਰ ਦਾ) ਕੋਈ ਕਮਾਲ ਨਹੀਂ, ਸਗੋਂ ਇਸ ਦਾ ਸਿਹਰਾ ਸਿਮਰਨ ਅਤੇ ਸਾਧ ਸੰਗਤਿ ਦੇ ਸਿਰ ਹੈ।

(ੲ) ਹ ਭਲਿਆਂ ਦੀ ਕੁਲ ਦੇ ਸ਼੍ਰੋਮਣੀ, ਸ੍ਰੀ ਤੇਜਭਾਨ ਜੀ ਦੇ ਲਾਲ ਧੰਨ ਧੰਨ ਗੁਰੂ ਅਮਰਦਾਸ ਜੀਉ ! ਆਪ ਜੀ ਨੇ ਰਾਜਾਨ ਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਥਾਪਣਾ ਸਦਕਾ ਵੈਰੀ-ਦਲ ਨਾਲ ਜੁਧ ਕਰ ਕੇ ਵਿਜੈ ਪ੍ਰਾਪਤ ਕੀਤੀ। ਆਪ ਜੀ ਨੇ ਸਮਾਧੀ[28] ਦੀ ਸੰਜੋਅ ਪਹਿਨ ਕੇ ਗਿਆਨ-ਘੋੜ ਤੇ ਸਵਾਰ ਹੋ ਧਰਮ-ਧਨੁਖ (ਕਮਾਨ) ਵਿਚੋਂ ਸੀਲ ਗੁਣਾਂ ਦੇ ਅਣੀਆਲੇ ਤੀਰਾਂ ਦੀ ਬੁਛਾੜ ਕੀਤੀ।

ਆਪ ਜੀ ਅਟੱਲ ਅਕਾਲ ਪੁਰਖ ਨੂੰ ਮਨ ਵਿਚ ਵਸਾ ਕੇ ਨਿਰਭਉ ਹੋ ਗਏ। ਗੁਰ-ਸ਼ਬਦ-ਨੇਜੇ ਨਾਲ ਆਪ ਜੀ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦਾ ਖੁਰਾ ਖੋਜ ਮਿਟਾ ਦਿੱਤਾ। [ਚਲਦਾ]

28. ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥ ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰ ਲੜਿਅਉ ।. ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥ ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥ ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥ ਗੁਰ ਅਮਰਦਾਸ ਸਚੁ ਸਲ੍ਯ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ ॥ (ਪੰ: ੧੩੯੬)

---

## ਨੋਟ ਕਰੋ ਜੀ !

੧. ਪ੍ਰਦੇਸੀ ਵੀਰਾਂ ਪਾਸ ਬੇਨਤੀ ਹੈ ਕਿ ਸੂਰਾ ਨੂੰ ਭੇਜਣ ਵਾਲੇ ਡਰਾਫਟ ਜਾਂ ਮਨੀਆਰਡਰ ਆਦਿ ਕੇਵਲ ਇੰਡੀਅਨ ਕਰੰਸੀ ਵਿਚ, ਭਾਵ ਰੁਪਿਆਂ ਵਿਚ ਹੀ ਭੇਜੋ, ਕਿਉਂਕਿ ਪ੍ਰਦੇਸ ਕਰੰਸੀ ਨੂੰ ਕੈਸ਼ ਕਰਾਉਣ ਬਦਲੇ ਬੈਂਕ ਬਹੁਤ ਜ਼ਿਆਦਾ ਕਟੌਤੀ ਜਿਹਾ ਕਿ ੫੦ ਡਾਲਰ/੨੫ ਪੌਂਡ ਪ੍ਰਤੀ ਡਰਾਫਟ ਕਰਦੇ ਹਨ।

੨. ਆਪਣੇ ਪਰਚੇ ਦਾ ਚਿੱਟ ਨੰਬਰ ਯਾਦ ਕਰੋ ਜਾਂ ਆਪਣੇ ਪਾਸ ਨੋਟ ਕਰਕੇ ਰਖੋ ਜੀ। ਚੰਦਾ ਜਮ੍ਹਾ ਕਰਾਉਣ ਵੇਲੇ ਚਿੱਟ ਨੰਬਰ ਜ਼ਰੂਰ ਲਿਖਵਾਉ, ਨਹੀਂ ਤਾਂ ਆਪ ਜੀ ਦਾ ਚੰਦਾ ਗ਼ਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ।



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨੪)
# ਮੁਗਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

ਬੰਦਾ ਸਿੰਘ ਨੂੰ ਬੜੀ ਬੇਰਹਿਮੀ ਤੇ ਬੇ-ਦਰਦੀ ਨਾਲ ਪੁਰਜ਼ਾ ਪੁਰਜ਼ਾ ਕਰ ਦਿਤਾ ਗਿਆ। ਉਸ ਦਾ ਸ਼ੀਰ-ਖੋਰ ਬੱਚਾ ਤਾਂ ਉਸ ਦੀਆਂ ਅੱਖਾਂ ਦੇ ਸਾਹਮਣੇ ਹੀ ਕੋਹਿਆ। ੭੪੦ ਸਾਥੀ ਪਹਿਲਾਂ ਮਾਰ ਮੁਕਾਏ ਸਨ। ਫ਼ਰੁਖ਼ਸੀਅਰ ਨੇ ਸਮਝਿਆ ਕਿ ਸਿੱਖਾਂ ਦੀ ਜਹਾਨ 'ਚੋਂ ਮੇਖ ਪੁਟ ਦਿਤੀ ਹੈ ਤੇ ਹੁਣ ਕਿਸੇ ਪਾਸਿਓਂ ਕੋਈ ਖ਼ਤਰਾ ਨਹੀਂ। ਮਨ-ਮਰਜ਼ੀ ਦਾ ਦਸਤੂਰ ਚਲੇਗਾ ਤੇ ਸੁਖ ਚੈਨ ਦੀ ਨੀਂਦ ਖ਼ੁਦਾਵੰਦ ਪਾਕ ਨੇ ਬਖ਼ਸ਼ਿਸ਼ ਕਰ ਦਿਤੀ ਹੈ। ਪਰ ਅੱਲਾ ਪਾਕ ਕਿਸੇ ਬਾਦਸ਼ਾਹ ਜਾਂ ਨੰਗ ਦੀ ਮਰਜ਼ੀ ਤੇ ਖ਼ਾਹਿਸ਼ ਦਾ ਪਾਬੰਦ 'ਨਹੀਂ'। ਉਸ ਦੇ ਕਾਰ-ਵਿਹਾਰ ਵਿਚ ਕਿਸੇ ਦੀ ਸਲਾਹ ਨਹੀਂ ਪੁਛੀ ਜਾਂਦੀ। ਉਸ ਦੇ ਭੇਤਾਂ ਨੂੰ ਇਨਸਾਨ ਦੀ ਤੁੱਛ ਬੁਧੀ ਸਮਝਣੋਂ ਅਸਮਰੱਥ ਹੈ। ਇਨਸਾਨ ਕੁਝ ਚਾਹਵੇ ਜਾਂ ਨਾ ਚਾਹਵੇ, ਹੁੰਦਾ ਉਹੋ ਹੈ ਜੋ ਰੱਬ ਚਾਹਵੇ। ਖ਼ਾਲਸਾ ਫ਼ਰੁਖ਼ਸੀਅਰ ਦੇ ਮਾਰਿਆਂ ਮਰਨ ਵਾਲਾ ਨਹੀਂ।

ਹਰ ਕੌਮ ਨੂੰ ਆਪਣੇ ਪੁਰਖਿਆਂ ਦੀਆਂ ਘਾਲਾਂ, ਮਾਅਰਕਿਆਂ ਤੇ ਕੁਰਬਾਨੀਆਂ ਤੇ ਮਾਣ ਹੁੰਦੇ। ਆਉਣ ਵਾਲੀਆਂ ਪੀੜ੍ਹੀਆਂ ਦੇ ਖ਼ੂਨ ਨੂੰ ਪਹਿਲਿਆਂ ਦੀ ਉੱਚੀ ਕਾਰ-ਕਰਦਗੀ ਹੀ ਜੀਉਣ ਜੋਗਾ ਕਰਦੀ ਹੈ ਤੇ ਉਨ੍ਹਾਂ ਨੂੰ ਉਸੇ ਰਾਹ ਤੇ ਚਲਣ ਲਈ ਸਾਹਿਸ, ਹੱਠ ਤੇ ਧੀਰਜ ਦਿਵਾਉਂਦੀ ਹੈ। ਵੀਹਵੀਂ ਸਦੀ ਦੇ ਇਕ ਉਘੇ ਮੁਸਲਮਾਨ ਸ਼ਾਇਰ ਨੇ ਸੰਨ ੬੧ ਹਿਜਰੀ ਦੀ ਕਰਬਲਾ ਵਾਲੀ ਘਟਨਾ ਵਲ ਵੇਖਦਿਆਂ ਉਸ ਕੁਰਬਾਨੀ ਤੋਂ ਨਿਕਲਣ ਵਾਲੇ ਸਿਟਿਆਂ ਨੂੰ ਇਂਜ ਅੰਕਤ ਕੀਤਾ ਹੈ :—"ਇਸਲਾਮ ਜ਼ਿੰਦਾ ਹੋਤਾ ਹੈ ਕਰਬਲਾ ਕੇ ਬਾਅਦ।"

ਭਾਵ, ਇਹੋ ਜਿਹੀਆਂ ਕੁਰਬਾਨੀਆਂ ਕੌਮਾਂ ਵਿਚ ਨਵੀਂ ਰੂਹ ਫੂਕ ਦਿਆ ਕਰਦੀਆਂ ਹਨ। ਸੀਮਤ ਬੁਧੀ ਵਾਲੇ ਫ਼ਰੁਖ਼ਸੀਅਰ ਨੂੰ ਇਹ ਨਹੀਂ ਸੀ ਪਤਾ ਕਿ ਕਰਬਲਾ ਵਿਚ ਛੋਟੇ ਵੱਡੇ ੭੨ ਜੀਅ, ਜੋ ਹਜ਼ਰਤ ਹੁਸੈਨ ਦੇ ਖ਼ਾਨਦਾਨੀ ਸਨ ਅਤੇ ਜਿਨ੍ਹਾਂ ਵਿਚੋਂ ਸਾਰੇ ਸ਼ਹੀਦ ਨਹੀਂ ਸਨ ਹੋਏ, ਇਸਲਾਮ ਨੂੰ ਜ਼ਿੰਦਾ ਕਰ ਗਏ ਤਾਂ ਬੰਦਾ ਸਿੰਘ ਨਾਲ ਜੋ ੭੪੦ ਸਿੰਘ ਦਿੱਲੀ ਵਿਚ ਕਤਲ ਕੀਤੇ ਗਏ ਅਤੇ ਤਿੰਨ ਕੁ ਹਜ਼ਾਰ ਬੇਗੁਨਾਹ ਫੜ ਕੇ ਉਨ੍ਹਾਂ ਦੇ ਸਿਰ ਵੱਢ ਨੇਜ਼ਿਆਂ ਉਤੇ ਟੰਗ ਕੇ ਦਿਲੀ ਲਿਆਂਦੇ ਗਏ ਸਨ, ਇਨ੍ਹਾਂ ਦਾ ਖ਼ੂਨ ਵੀ ਆਪਣਾ ਰੰਗ ਲਿਆਵੇਗਾ। ਉਤਲੀ ਪੰਗਤੀ ਦੇ ਬਰਾਬਰ ਇਹ ਵੀ ਚਟਾਨ ਵਰਗਾ ਤੱਥ ਹੈ—

"ਖਾਲਸਾ ਦੂਣਾ ਵਸਦਾ ਤੇ ਬਿਫਰਦਾ ਹੈ ਹਰ ਕਤਲਾਮ ਦੇ ਬਾਅਦ।" ਹਰ ਕਤਲਾਮ ਖਾਲਸੇ ਨੂੰ ਪੁਠ ਦੇਂਦੀ ਰਹੀ ਹੈ। ਹਰ ਕਤਲਾਮ ਤੋਂ ਬਾਅਦ ਨਿਰਾਲੇ ਹੀ ਸਿੱਟੇ ਨਿਕਲੇ। ਇਤਿਹਾਸ ਗਵਾਹ ਹੈ।

ਬੰਦਾ ਸਿੰਘ ਤੇ ਉਸ ਦੇ ਸਾਥੀ, ਜੋ ਸਿਖ ਲਹਿਰ ਦੀ ਸੰਘਠਤ ਤੇ ਰਾਜਸੀ ਸ਼ਕਤੀ ਦੇ ਪ੍ਰਤੀਕ ਸਨ, ਉਨ੍ਹਾਂ ਨੂੰ ਖ਼ਤਮ ਕਰਵਾ ਕੇ ਬਾਦਸ਼ਾਹ ਦੇ ਦਿਲੋਂ ਸਿਖਾਂ ਦਾ ਡਰ ਨਹੀਂ ਨਿਕਲਿਆ। ਉਸ ਦਾ ਅੰਦਰ ਮੰਨਦਾ ਹੈ ਕਿ ਸਿਖ ਮਰੇ ਨਹੀਂ, ਇਹ ਫਿਰ ਉਠਣਗੇ। ਸਿੱਖਾਂ ਦੀ ਪੂਰੀ ਪੂਰੀ ਅਲਖ ਮੁਕਾਉਣ ਦੇ ਉਹ ਬਾਨ੍ਹਣੂੰ ਬੰਨ੍ਹਦਾ ਹੈ।

**ਫ਼ਰੁਖ਼ਸੀਅਰ ਵਲੋਂ ਸਿੱਖਾਂ ਦੇ ਕਤਲ-ਏ-ਆਮ ਦਾ ਹੁਕਮ ਜਾਰੀ—**

ਬਹਾਦਰ ਸ਼ਾਹ ਆਪਣੇ ਛੋਟੇ ਭਰਾ ਮੁਹੰਮਦ ਕਾਮਬਖਸ਼ ਦੀ ਗੁਜਰਾਤ ਵਿਖੇ ਬਗ਼ਾਵਤ ਕੁਚਲ ਕੇ ਅਜੇ ਵੇਹਲਾ ਹੀ ਹੋਇਆ ਸੀ ਕਿ ਰਾਜਪੂਤਾਨੇ ਵਿਚ ਰਾਜਪੂਤਾਂ ਸ਼ੋਰਸ਼ ਖੜੀ ਕਰ ਦਿਤੀ। ਉਨ੍ਹਾਂ ਦੀ ਸੁਧਾਈ ਲਈ ਬਾਦਸ਼ਾਹ ਨੇ ਕੂਚ ਕੀਤਾ ਤੇ ਅਜਮੇਰ ਲਾਗੇ ਆਣ ਪੁਜਾ। ਇਹ ਰਾਜਾ ਜੈ ਸਿੰਘ ਕਛਵਾਹੀਆ ਅਤੇ ਜਸਵੰਤ ਸਿੰਘ ਦੇ ਪੁੱਤਰ ਰਾਜਾ ਅਜੀਤ ਸਿੰਘ ਰਾਠੌਰ ਨੂੰ ਸਜ਼ਾ ਦੇਣ ਆਇਆ ਸੀ। ਇਹ ਦੋਵੇਂ ਆਪਣੀਆਂ ਫ਼ੌਜਾਂ ਲੈ ਕੇ ਮੁਹੰਮਦ ਕਾਮਬਖਸ਼ ਵਿਰੁੱਧ ਮੁਹਿੰਮ ਵਿਚ ਬਾਦਸ਼ਾਹ ਦੀ ਸਹਾਇਤਾ ਲਈ ਦੱਖਣ ਵਲ ਗੁਜਰਾਤ



www.AKJ.Org

ਨੂੰ ਗਏ ਸਨ। ਬਾਦਸ਼ਾਹ ਦਾ ਕੈਂਪ ਮੰਡੇਸ਼ਵਰ ਸੀ। ਜਦ ਇਹ ਦੋਵੇਂ ਰਾਜੇ ੩੦ ਅਪ੍ਰੈਲ ੧੭੦੮ ਈ: ਨੂੰ ਰਾਤ ਦੇ ਅੰਨ੍ਹੇਰੇ ਦਾ ਆਸਰਾ ਲੈ ਕੇ ਕੈਂਪ ਵਿਚੋਂ ਖਿਸਕ ਗਏ ਤੇ ਰਾਜਾ ਅਮਰ ਸਿੰਘ ਉਦੇਪੁਰੀਏ ਨਾਲ ਸਮਝੌਤਾ ਕਰ ਲਿਆ ਕਿ ਹੁਣ ਸਮਾਂ ਹੈ, ਜ਼ੋਰ ਮਾਰ ਕੇ ਰਾਜਪੂਤਾਨੇ ਵਿਚੋਂ ਮੁਗਲ ਤਾਕਤ ਦੀ ਸਫ਼ ਵਲ੍ਹੇਟ ਦਿਤੀ ਜਾਵੇ। ਅਜਮੇਰੋਂ ੩੦ ਕੋਹ ਪਿਛੇ ਬਾਨਸ ਦੇ ਕੰਢੇ ਡੰਡਵਾ ਸਰਾਇ ਵਿਖੇ ਬਾਦਸ਼ਾਹ ਦਾ ਲਸ਼ਕਰ ਆਣ ਉਤਰਿਆ। ਬਾਦਸ਼ਾਹ ਤੇ ਰਾਜਿਆਂ ਵਿਚ ਵਕਤੀ ਤੌਰ ਤੇ ਸੁਲ੍ਹਾ ਹੋ ਗਈ। ਇਥੋਂ ਰਵਾਨਾ ਹੋ ਕੇ ੨੬ ਮਈ ਨੂੰ ਸ਼ਾਹੀ ਫ਼ੌਜ ਨੇ ਟੋਡਾ ਵਿਖੇ ਉਤਾਰਾ ਕੀਤਾ। ਇਸ ਜਗ੍ਹਾ ਪੰਜਾਬ ਬਾਰੇ ਸ਼ਾਹੀ ਅਖ਼ਬਾਰ-ਨਵੀਸਾਂ ਵਲੋਂ ਭੇਜੀਆਂ ਖ਼ਬਰਾਂ ਪਾਤਸ਼ਾਹ ਨੂੰ ਮਿਲੀਆਂ ਕਿ ਬੰਦਾ ਸਿੰਘ ਦੀ ਅਗਵਾਈ ਥਲੇ ਸਿੱਖਾਂ ਨੇ ਪੰਜਾਬ ਵਿਚ ਮੁਗਲ ਪ੍ਰਸ਼ਾਸਨ ਦੇ ਵਿਰੁੱਧ ਬਗਾਵਤ ਕਰ ਦਿਤੀ ਹੈ। ੩੦ ਮਈ ੧੭੦੮ ਈ: ਨੂੰ ਇਥੇ ਹੀ ਖ਼ਬਰ ਪਹੁੰਚੀ ਕਿ ਮੁਗਲ ਪ੍ਰਸ਼ਾਸਨ ਪੰਜਾਬ ਵਿਚੋਂ ਉਠਾ ਦਿਤਾ ਗਿਆ ਹੈ।

ਬਾਦਸ਼ਾਹ ਅਜਮੇਰ ਪਹੁੰਚ ਚੁੱਕਾ ਸੀ, ਜਦ ਦਿਲੀਓਂ ਵਿਸ਼ੇਸ਼ ਬੇਨਤੀਆਂ ਆਈਆਂ ਕਿ ਹਜ਼ੂਰ ਪੰਜਾਬ ਦੇ ਹਾਲਾਤ ਵਲ ਫ਼ੌਰੀ ਧਿਆਨ ਦੇਣ। ੨੨ ਜੂਨ ੧੭੧੦ ਈ: ਨੂੰ ਸਰਹੰਦ, ਥਾਨੇਸਰ ਦੀ ਮੁਸਲਮਾਨ ਵਸੋਂ, ਸਮਾਣੇ ਦੇ ਪੀਰਜ਼ਾਦੇ ਅਤੇ ਸਢੌਰੇ ਦੇ ਸ਼ੇਖ ਤੇ ਪਠਾਣ ਹਜ਼ਾਰਾਂ ਦੀ ਗਿਣਤੀ ਵਿਚ ਅਜਮੇਰ ਪਹੁੰਚ, ਬਾਦਸ਼ਾਹ ਦੇ ਪੇਸ਼ ਹੋ ਕੇ ਹਾਲ-ਦੁਹਾਈ ਮਚਾਈ, ਹੋਈਆਂ ਅਣਹੋਈਆਂ ਵਧਾ ਚੜ੍ਹਾ ਕੇ ਬਾਦਸ਼ਾਹ ਨੂੰ ਸੁਣਾਈਆਂ ਤੇ ਸਿੱਖ ਕਾਫ਼ਰਾਂ ਦੇ ਸਮੁੱਚੇ ਖ਼ਾਤਮੇ ਲਈ ਹਾੜੇ ਕੱਢੇ। ਇਨ੍ਹਾਂ ਦੇ ਵਿਰਲਾਪਾਂ ਤੇ ਉਸ ਦਾ ਦਿਲ ਪਸੀਜ ਗਿਆ। ਇਨ੍ਹਾਂ ਨੂੰ ਦਿਲਾਸਾ ਦੇ ਕੇ ਵਾਪਸ ਕੀਤਾ।

ਬਾਦਸ਼ਾਹ ਨੇ ਸਾਰੇ ਉੱਤਰੀ ਹਿੰਦ ਦੇ ਸੂਬੇਦਾਰਾਂ ਤੇ ਫ਼ੌਜਦਾਰਾਂ ਨੂੰ ਫੌਰੀ ਤੌਰ ਤੇ ਫ਼ੁਰਮਾਨ ਭੇਜੇ ਕਿ ਆਪਣੀ ਆਪਣੀ ਫ਼ੌਜ ਇਕੱਠੀ ਕਰ ਕੇ ਦਿਲੀ ਲਾਗੇ ਪਿੰਡ ਪਰਾਗਪੁਰ ਇਕੱਠੇ ਹੋਵੋ। ਬਾਦਸ਼ਾਹ ਆਪ ੨੭ ਜੂਨ ੧੭੦੮ ਨੂੰ ਅਜਮੇਰੋਂ ਆਪਣਾ ਸਾਰਾ ਲਸ਼ਕਰ ਲੈ ਕੇ ਦਿੱਲੀ ਵਲ ਵਧਿਆ। ਦਿੱਲੀ ਲਾਗੇ ਸਾਰੀਆਂ ਫ਼ੌਜਾਂ, ਜੋ ਲੱਖ ਤੋਂ ਵੀ ਉੱਪਰ ਸਨ, ਇਕੱਠੀਆਂ ਹੋ ਗਈਆਂ। ਇਥੋਂ ਸਢੌਰੇ ਪਹੁੰਚੇ। ਇਥੇ ਪੱਕਾ ਡੇਰਾ ਲਾ ਕੇ ਮੁਖਲਸਗੜ੍ਹ ਨੂੰ ਘੇਰਿਆ ਗਿਆ, ਤਾਕਿ ਬੰਦਾ ਸਿੰਘ ਨੂੰ ਸਾਥੀਆਂ ਸਮੇਤ ਜ਼ਿੰਦਾ ਹੀ ਫੜਿਆ ਜਾਵੇ। ਇਸ ਮੁਹਿੰਮ ਵਿਚ ਬਾਦਸ਼ਾਹ ਦੇ ਚਾਰੇ ਪੁੱਤ ਨਾਲ ਸਨ ਤੇ ਸਮੁੱਚੀ ਨਿਗਰਾਨੀ ਬਾਦਸ਼ਾਹ ਦੇ ਹੱਥ ਸੀ। ਬੜਾ ਮਜ਼ਬੂਤ ਘੇਰਾ ਘਤਿਆ ਗਿਆ ਤੇ ਕਹਿਰ ਦੀ ਲੜਾਈ ਹੋਈ। ੧੦ ਤੇ ੧੧ ਦਸੰਬਰ ਦੀ ਵਿਚਕਾਰਲੀ ਰਾਤ ਬੰਦਾ ਸਿੰਘ, ਸਿਵਾਏ ਗੁਲਾਬ ਸਿੰਘ ਤੇ ਉਸ ਦੇ ਨਾਲ ਥੋੜੇ ਜਿਹੇ ਆਦਮੀਆਂ ਦੇ, ਆਪਣੇ ਸਾਥੀਆਂ ਨੂੰ ਲੈ ਕੇ ਨਿਕਲ ਗਿਆ। ਬਾਦਸ਼ਾਹ, ਜਰਨੈਲ ਤੇ ਫ਼ੌਜਾਂ ਹੱਥ ਮਲਦੇ ਰਹਿ ਗਏ। ਸੋ ਇਸ ਮੁਹਿੰਮ ਦੀ ਅਸਫਲਤਾ ਵਜੋਂ ਹੋਈ ਮਾਯੂਸੀ ਤੇ ਨਮੋਸ਼ੀ ਨੇ ਬਾਦਸ਼ਾਹ ਨੂੰ ਅੰਦਰੋਂ ਹਿਲਾ ਕੇ ਰੱਖ ਦਿਤਾ। ਬੰਦਾ ਸਿੰਘ ਤੇ ਸਿੱਖਾਂ ਵਿਰੁੱਧ ਕਾਰਵਾਈ ਉਸੇ ਤੁੰਦੀ ਤੇ ਤਨਦੇਹੀ ਨਾਲ ਜਾਰੀ ਰੱਖਣ ਦੇ ਹੁਕਮ ਦੇ ਕੇ ਲਾਹੌਰ ਵਲ ਚਲ ਪਿਆ। ੧੧ ਅਗਸਤ ੧੭੧੧ ਈ: ਨੂੰ ਲਾਹੌਰ ਆਣ ਪੁਜਾ। ਇਥੇ ਹੀ ਇਹ ੨੭/੨੮ ਫ਼ਰਵਰੀ ੧੭੧੨ ਦੀ ਰਾਤ ਨੂੰ ਮਰ ਗਿਆ। ਸਭ ਤੋਂ ਪਹਿਲਾਂ ੧੦ ਦਸੰਬਰ ੧੭੧੦ ਨੂੰ ਇਸ ਬਹਾਦਰ ਸ਼ਾਹ ਨੇ, ਔਰੰਗਜ਼ੇਬ ਦੀ ਮੌਤ ਪਿਛੋਂ ਤਖ਼ਤ ਹਾਸਲ ਕਰਨ ਲਈ ਜਿਸ ਨੇ ਲੜਾਈ ਵੇਲੇ ਸਿੱਖਾਂ ਦੀ ਭਰਪੂਰ ਸਹਾਇਤਾ ਲਈ ਸੀ, ਉਨ੍ਹਾਂ ਸਿੱਖਾਂ ਦੇ ਕਤਲ-ਇ-ਆਮ ਦਾ ਫ਼ੁਰਮਾਨ ਜਾਰੀ ਕੀਤਾ।

ਚੌਧਰੀਆਂ, ਲੰਬਰਦਾਰਾਂ, ਆਮਲਾਂ, ਮੁਖਬਰਾਂ ਵਧ ਚੜ੍ਹ ਕੇ ਪੁਲਸ ਤੇ ਫ਼ੌਜ ਦੀ ਸਹਾਇਤਾ ਕੀਤੀ ਤੇ ਸਿੱਖ ਕਤਲ ਹੁੰਦੇ ਰਹੇ। ਪਰ ਬੰਦਾ ਸਿੰਘ ਦਾ ਜਦ ਫਿਰ ਬਲ ਪੈ ਗਿਆ ਤਾਂ ਇਸ ਕਤਲਾਮ ਨੂੰ ਕੁਝ ਸਮੇਂ ਲਈ ਠਲ੍ਹੀ ਪੈ ਗਈ। ਸਿੱਖਾਂ ਨੇ ਉੱਪਰ ਦਸੇ ਸਰਕਾਰੀ ਸਹਾਇਕਾਂ, ਕਰਮਚਾਰੀਆਂ ਤੇ ਅਧਿਕਾਰੀਆਂ ਪਾਸੋਂ ਗਿਣ-ਗਿਣ ਬਦਲੇ ਲਏ।

ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਦੇ ਕਤਲ ਕੀਤੇ ਜਾਣ ਪਿਛੋਂ ਜੂਨ ੧੭੧੬ ਈ: ਵਿਚ ਇਕ


www.AKJ.Org

ਆਮ ਤੇ ਖੁਲ੍ਹਾ ਫ਼ੁਰਮਾਨ ਜਾਰੀ ਕਰ ਦਿਤਾ, ਜੋ ਮੁਗ਼ਲ ਰਾਜ ਦੇ ਹਰ ਹਿੱਸੇ ਵਿਚ ਲਾਗੂ ਕੀਤਾ ਗਿਆ—ਜਿਥੇ ਵੀ ਕੋਈ ਸਿੱਖ ਨਜ਼ਰ ਆਵੇ, ਫੜ ਲਿਆ ਜਾਵੇ। ਉਸ ਲਈ ਇਕ ਰਸਤਾ ਛੱਡ ਦਿਓ—ਇਸਲਾਮ ਜਾਂ ਮੌਤ। ਦੀਨ ਨਾ ਕਬੂਲੇ ਤਾਂ ਫ਼ੌਰਨ ਥਾਂ ਤੇ ਹੀ ਕਤਲ ਕਰ ਦਿਤਾ ਜਾਏ, ਜ਼ਰਾ ਵੀ ਢਿੱਲ ਨਾ ਕੀਤੀ ਜਾਏ। ਇਸ "ਚੰਗੇ ਤੇ ਸਵਾਬ ਵਾਲੇ ਕੰਮ" ਲਈ ਵੱਡੇ-ਵੱਡੇ ਇਨਾਮਾਂ ਦੀ ਸੂਚੀ ਦਾ ਸਾਰੇ ਰਾਜ ਵਿਚ ਢੰਡੋਰਾ ਪਿਟਵਾਇਆ ਗਿਆ। ਸਿੱਖ ਦੇ ਸਿਰ ਦਾ ੨੫ ਰੁਪਏ, ਜੀਊਂਦਾ ਫੜ ਕੇ ਪੇਸ਼ ਕਰੇ ਤਾਂ ੧੦੦ ਰੁਪਏ ਇਨਾਮ ਸਰਕਾਰੀ ਖ਼ਜ਼ਾਨੇ ਵਿਚੋਂ ਮਿਲੇਗਾ। ਸਿੱਖ ਦਾ ਮਾਲ ਅਸਬਾਬ ਜਾਂ ਉਸ ਪਾਸੋਂ ਜੋ ਵੀ ਮਿਲੇ, ਉਹ ਮਾਰਨ ਵਾਲੇ ਦਾ। ਉਨ੍ਹਾਂ ਦੀਆਂ ਖ਼ੂਬਸੂਰਤ ਲੜਕੀਆਂ ਨੂੰ ਕਨੀਜ਼ਾ (ਲੌਂਡੀਆਂ) ਤੇ ਔਰਤਾਂ ਨੂੰ ਦਾਸੀਆਂ ਬਣਾ ਲਿਆ ਜਾਵੇ। ਜੇ ਕੋਈ ਮੁਸਲਮਾਨ ਮਰੇ ਤਾਂ ਉਸ ਦੀ ਕਬਰ ਸਿੰਘਾਂ ਦੇ ਹਮਦਰਦ ਹਿੰਦੂ ਪੁਟਣ। ਬੇਗਾਰ ਲਈ ਚਮਿਆਰ ਦੀ ਥਾਂ ਹਿੰਦੂਆਂ ਅਤੇ ਜੋ ਫੜੇ ਹੋਏ ਸਿੱਖ ਆਉਣ, ਉਨ੍ਹਾਂ ਨੂੰ ਲਾਇਆ।[1]

**ਸੂਬੇਦਾਰਾਂ ਦੇ ਸਿੱਖਾਂ ਉਤੇ ਤਾਬੜ ਤੋੜ ਅਤਿਆਚਾਰ,**
**ਅਬਦੁੱਸਦ ਖਾਨ ਦਲੇਰੇ ਜੰਗ ਦੇ ਸਭ ਤੋਂ ਜ਼ਿਆਦਾ ਜ਼ੁਲਮ—**

ਸਿੱਖਾਂ ਦੀ ਕਤਲਾਮ ਦੇ ਸ਼ਾਹੀ ਫ਼ੁਰਮਾਨ ਨੂੰ ਸਰਹੰਦ, ਲਾਹੌਰ ਤੇ ਜੰਮੂ ਦੇ ਸੂਬੇਦਾਰਾਂ ਅੱਖਰ ਅੱਖਰ ਪੂਰਾ ਕੀਤਾ। ਬਾਦਸ਼ਾਹ ਦੀਆਂ ਨਜ਼ਰਾਂ ਵਿਚ ਚੰਗੇ ਬਣਨ ਲਈ ਇਕ ਦੂਜੇ ਤੋਂ ਅੱਗੇ ਲੰਘਣ ਲਈ ਬੇ-ਗੁਨਾਹ ਸਿੱਖਾਂ, ਔਰਤਾਂ, ਬੁਢੇ ਬੱਚਿਆਂ ਉਤੇ ਉਹ ਉਹ ਜ਼ੁਲਮ ਢਾਹੇ ਕਿ ਚੰਗੇਜ਼ ਤੇ ਹਲਾਕੂ ਵੀ ਆਪਣੀਆਂ ਕਬਰਾਂ ਵਿਚ ਕੰਬ ਉਠੇ। ਇਸ ਸਾਰੇ ਜ਼ੁਲਮੀ ਕਾਰੋਬਾਰ ਦਾ ਨਿਗਰਾਨ ਅਬਦੁੱਸਮਦ ਖਾਨ ਗਵਰਨਰ ਲਾਹੌਰ ਸੀ। ਇਸ ਨੇ ਹਰ ਪਿੰਡ ਦੇ ਲੰਬਰਦਾਰ ਪਾਸੋਂ ਲਿਖਤ ਲਈ ਕਿ ਉਹ ਕਿਸੇ ਸਿੱਖ ਨੂੰ ਪਿੰਡ ਵਿਚ ਵੱਸਣ ਨਹੀਂ ਦੇਣਗੇ। ਜੇ ਕੋਈ ਸਿੱਖ ਉਨ੍ਹਾਂ ਦੇ ਅੜਿੱਕੇ ਆ ਜਾਏ ਤਾਂ ਉਹ ਫੜ ਕੇ ਲਾਗੇ ਦੇ ਥਾਣੇ ਵਿਚ ਛੱਡ ਆਉਣਗੇ। ਜੋ ਉਨ੍ਹਾਂ ਦੇ ਕਾਬੂ ਨਾ ਆਵੇ ਤਾਂ ਉਨ੍ਹਾਂ ਦੀ ਮੌਜੂਦਗੀ ਦੀ ਖ਼ਬਰ ਸਰਕਾਰੀ ਅਫ਼ਸਰਾਂ ਨੂੰ ਦਿਤੀ ਜਾਏ। ਸੂਹੀਏ ਪਿੰਡੋ ਪਿੰਡ ਫਿਰ ਕੇ ਤਸਦੀਕ ਕਰਦੇ ਕਿ ਪਿੰਡਾਂ ਦੇ ਮੁਖੀ ਤੇ ਲੰਬਰਦਾਰ ਸਰਕਾਰੀ ਹੁਕਮਾਂ ਦੀ ਪੂਰੀ ਪੂਰੀ ਤਮੀਲ ਕਰਦੇ ਹਨ ਕਿ ਨਹੀਂ। ਸਥਾਨਿਕ ਮੁਖ਼ਬਰ ਵੀ ਰਖੇ ਹੋਏ ਸਨ, ਜੋ ਖ਼ੁਫ਼ੀਆ ਤੌਰ ਤੇ ਥਾਣਿਆਂ ਅਤੇ ਫ਼ੌਜੀ ਚੌਕੀਆਂ ਵਿਚ ਇਤਲਾਹ ਦੇਂਦੇ। ਇਨ੍ਹਾਂ ਨੇ ਸਿੱਖਾਂ ਦੀ ਬਰਬਾਦੀ ਲਈ ਆਪਣੇ ਵਲੋਂ ਵੀ ਇਨਾਮ ਦੀਆਂ ਰਕਮਾਂ ਨਿਯਤ ਕੀਤੀਆਂ ਹੋਈਆਂ ਸਨ, ਜਿਵੇਂ ਸਿੱਖ ਦੀ ਮੌਜੂਦਗੀ ਦੀ ਦਸ ਪਾਉਣ ਵਾਲੇ ਨੂੰ ੧੦ ਰੁਪਏ, ਸਿੱਖ ਨੂੰ ਵਿਖਾਉਣ ਵਾਲੇ ਨੂੰ ੨੦ ਰੁਪਏ, ਜੋ ਸਿੱਖ ਨੂੰ ਫੜਾਉਣ ਵਿਚ ਸਹਾਇਤਾ ਕਰੇ ਉਸ ਨੂੰ ੪੦ ਰੁਪਏ, ਤੇ ਜਿਹੜਾ ਸਿੱਖ ਦਾ ਸਿਰ ਵੱਢ ਕੇ ਲੈ ਆਵੇ ਉਸ ਨੂੰ ੮੦ ਰੁਪਏ।[2]

ਔਰੰਗਜ਼ੇਬ ਦੇ ਸਮੇਂ ਤੋਂ ਹੀ ਹਿੰਦੂਆਂ ਨੂੰ ਅਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਚੁਫੇਰਿਓਂ ਜ਼ਿਚ ਕਰਕੇ ਇਸਲਾਮ ਦੇ ਘੇਰੇ ਵਿਚ ਲਿਆਉਣ ਦੇ ਜਤਨ ਕੀਤੇ ਜਾਂਦੇ ਸਨ। ਕੱਟੜ ਕੱਠਮੁੱਲਿਆਂ ਦੀ ਤਾਂ ਅਸਲੋਂ ਚੜ੍ਹ ਮੱਚੀ ਰਹਿੰਦੀ। ਬਹਾਦਰ ਸ਼ਾਹ, ਫ਼ਰੁਖ਼ਸੀਅਰ ਤੇ ਜ਼ਕਰੀਆ ਖਾਂ ਵੇਲੇ ਤਾਂ ਮੂਲੋਂ ਹੀ ਅੱਤ ਹੋ ਗਈ ਸੀ। ਉਨ੍ਹਾਂ ਦਿਨਾਂ ਵਿਚ ਪੀਣ ਵਾਲਾ ਪਾਣੀ ਭਰਨ ਲਈ ਹਿੰਦੂ ਸਿੱਖਾਂ ਤੇ ਮੁਸਲਮਾਨਾਂ ਦੇ ਅੱਡ ਅੱਡ ਆਪਣੇ ਆਪਣੇ ਖੂਹ ਹੁੰਦੇ ਸਨ। ਹਿੰਦੂਆਂ ਸਿੱਖਾਂ ਦੇ ਖੂਹਾਂ ਵਿਚ ਮਿਥ ਕੇ ਜ਼ਿਬ੍ਹਾ ਕੀਤੀਆਂ ਗਊਆਂ ਦੀਆਂ ਆਂਦਰਾਂ, ਹੱਡੀਆਂ ਆਦਿ ਸੁੱਟ ਦਿਤੀਆਂ ਜਾਂਦੀਆਂ, ਤਾਂਕਿ ਇਹ ਮਜਬੂਰ ਹੋ ਕੇ ਮੁਸਲਮਾਨਾਂ ਵਾਲੇ ਖੂਹਾਂ ਤੋਂ ਪਾਣੀ ਭਰਨ, ਜਿੱਥੇ ਚਮੜੇ ਦਾ ਬੋਕਾ ਚਲਦਾ ਸੀ ਤੇ ਜਿਸ ਦੀ ਧਾਰਮਿਕ ਪੱਖੋਂ ਉਨ੍ਹਾਂ ਨੂੰ ਮਨਾਹੀ ਸੀ। ਖੁਲ੍ਹੇ ਤੌਰ ਤੇ ਹਿੰਦੂ ਮਹੱਲਿਆਂ ਵਿਚ ਜਾਣ ਬੁਝ ਕੇ ਹਿੰਦੂ ਦਿਨ ਦਿਹਾਰਾਂ ਵੇਲੇ ਗਾਵਾਂ, ਵੱਛੇ, ਵੱਛੀਆਂ ਹਲਾਲ ਕੀਤੇ ਜਾਂਦੇ। ਜਿਥੇ ਮੁਸਲਮਾਨਾਂ ਦਾ ਜ਼ਿਆਦਾ ਜ਼ੋਰ ਹੁੰਦਾ, ਉਹ ਹਿੰਦੂਆਂ ਨੂੰ ਮਜਬੂਰ ਕਰਦੇ ਕਿ ਉਹ ਗਾਂ ਵਹਿੜ ਜੂੜ ਢਾਹ ਕੇ ਕਾਬੂ ਕਰਨ ਤੇ ਛੁਰੀ ਕਸਾਈ ਜਾਂ ਕੋਈ ਦੂਜਾ ਮੁਸਲਮਾਨ ਫੇਰਦਾ। ਮੁਸਲਮਾਨੀ ਰਾਜ, ਗ਼ੈਰ-ਮੁਸਲਮਾਨਾਂ ਵਾਸਤੇ ਨਰਕ ਦੇ ਨਿਆਈਂ ਸੀ। ਹਰ ਪਾਸਿਓਂ ਬੇਪਤੀ, ਦੁਰੇ ਦੁਰੇ, ਲੁਟ ਘਸੁਟ, ਧਾਰਮਿਕ ਰਹੁ-ਰੀਤਾਂ ਜਾਂ ਵੱਡੇ ਤਿਉਹਾਰ


www.AKJ.Org

ਕੀ ਮਜਾਲ ਕੋਈ ਮਨਾ ਸਕੇ। ਇੱਜ਼ਤ ਆਬਰੂ ਹਰ ਵੇਲੇ ਖ਼ਤਰੇ ਵਿਚ। ਇਸੇ ਦੁਖੋਂ ਮਜਬੂਰ ਹੋ ਕੇ ਲੋਕ ਛੋਟੀ ਉਮਰ ਵਿਚ ਹੀ ਬੱਚਿਆਂ ਦੀਆਂ ਸ਼ਾਦੀਆਂ ਕਰ ਦੇਂਦੇ, ਜ਼ੇਵਰ ਪਾਉਣਾ ਤਾਂ ਇਕ ਪਾਸੇ, ਕੋਈ ਚੱਜ ਦਾ ਲੀੜਾ ਕੱਪੜਾ ਵੀ ਨਹੀਂ ਸੀ ਪਾ ਸਕਦਾ। ਚੰਗਾ ਸੋਹਣਾ ਪਸ਼ੂ ਡੰਗਰ, ਖਾਸ ਕਰਕੇ ਘੋੜਾ ਘੋੜੀ ਵੇਖਦਿਆਂ ਜਾਂ ਦੱਸ ਪੈਂਦਿਆਂ ਸਾਰ ਖੋਹ ਲੈਂਦੇ। ਜੇ ਕਿਸੇ ਜ਼ੁਲਮ ਜਬਰ ਦੀ ਫ਼ਰਿਆਦ ਕਾਜ਼ੀ ਦੀ ਅਦਾਲਤ ਵਿਚ ਜਾਂਦੀ, ਹਿੰਦੂ ਦਾ ਪੱਖ ਭਾਵੇਂ ਕਿੰਨਾ ਸੱਚਾ ਤੇ ਭਾਰਾ ਹੁੰਦਾ, ਜੇ ਦਾਅਵਾ ਮੁਸਲਮਾਨ ਤੇ ਹੁੰਦਾ ਤਾਂ ਇਹ ਅਟੱਲ ਸੀ ਕਿ ਫ਼ੈਸਲਾ ਮਜ਼ਲੂਮ ਹਿੰਦੂ ਦੇ ਉਲਟ ਤੇ ਮੁਸਲਮਾਨ ਦੇ ਹੱਕ ਵਿਚ ਜਾਂਦਾ। ਜ਼ੁਲਮ ਜਬਰ ਦਾ ਇਹੋ ਜਿਹਾ ਜ਼ੋਰ ਸੀ ਕਿ ਕੋਈ ਉੱਚੀ ਨਾ ਰੋ ਸਕਦਾ ਨਾ ਹੌਕਾ ਲੈ ਸਕਦਾ। ਇਹ ਸੀ ਸੱਚਾ ਸੁੱਚਾ ਢੰਗ ਇਸਲਾਮ ਦੇ ਵਾਧੇ ਦਾ। ਗ਼ੈਰ-ਮੁਸਲਮਾਨਾਂ ਉਤੇ ਹਰ ਤਰ੍ਹਾਂ ਦੀ ਤਅੱਦੀ, ਸਖਤੀ। ਤੇ ਉਨ੍ਹਾਂ ਤੋਂ ਲੁਟ ਖੋਹ ਨਾਲ ਮੋਮਨ ਦੇ ਪੌਂ ਬਾਰਾਂ ਸਨ—ਦੁਨਿਆਵੀ ਮਾਲ ਦੌਲਤ ਹੱਥ ਆਉਂਦਾ, ਲੌਂਡੀਆਂ, ਦਾਸੀਆਂ ਤੇ ਗ਼ੁਲਾਮ ਦਸਤਯਾਬ ਹੁੰਦੇ, ਇਸਲਾਮ ਦੇ ਵਾਧੇ ਨਾਲ (ਜਦ ਹਿੰਦੂਆਂ ਦਾ ਹੱਠ ਟੁੱਟ ਜਾਂਦਾ ਤੇ ਉਹ ਧਰਮ ਹਾਰ ਕੇ ਦੀਨ ਕਬੂਲ ਲੈਂਦੇ, ਇਸਲਾਮ ਦਾ ਵਾਧਾ ਹੀ ਵਾਧਾ) ਮੋਮਨਾਂ ਨੂੰ ਬੇਓੜਕ ਸੁਵਾਬ (ਪੁੰਨ), ਤੇ ਜੰਨਤ ਦੇ ਦਰਵਾਜ਼ੇ ਖੁਲ੍ਹੇ, ੭੨ ਹੂਰਾਂ ਅਤੇ ਖ਼ੂਬਸੂਰਤ ਲੌਂਡੇ! ਕਿਡਾ ਲਾਭਦਾਇਕ ਸੌਦਾ ਹੈ। ਕਿਸੇ ਹਿੰਦੂ ਸਿਖ ਨੂੰ ਮਾਰ ਲਵੋ ਜਾਂ ਮੁਸਲਮਾਨ ਬਣਾ ਲਵੋ, ਉਤਲੀਆਂ ਨਫ਼ਾ-ਬਖਸ਼ ਰਿਆਇਤਾਂ ਦਾ ਪੱਕਾ ਪੱਟਾ ਮੋਮਨ ਦੇ ਨਾਉਂ। ਪਾਠਕ ਆਪ ਹੀ ਅਨਭਵ ਕਰ ਲੈਣ ਕਿ ਉਸ ਵੇਲੇ ਹਿੰਦੁਸਤਾਨ ਤੇ ਖਾਸ ਕਰ ਪੰਜਾਬ ਵਿਚ ਕਿਸ ਕਿਸਮ ਦੀ ਅੰਨ੍ਹੇਰ-ਗਰਦੀ ਹੋਵੇਗੀ!

**ਸਿਖ ਪੰਜਾਬ ਦੇ ਪਿੰਡਾਂ ਤੇ ਮੈਦਾਨਾਂ ਚੋਂ ਅਲੋਪ ਹੋ ਗਏ—**

ਬੰਦਾ ਸਿੰਘ ਦੇ ਸ਼ਹੀਦ ਹੋ ਜਾਣ ਪਿਛੋਂ ਕੋਈ ਐਸਾ ਤਕੜਾ ਸਿਖ ਆਗੂ ਨਾ ਰਿਹਾ ਜੋ ਸਿੱਖਾਂ ਦੀ ਖਿਲਰੀ ਪੁਲਰੀ ਸ਼ਕਤੀ ਨੂੰ ਮੁੜ ਸੰਗਠਿਤ ਕਰ ਕੇ ਹਕੂਮਤ ਦੇ ਜ਼ੁਲਮ ਜਬਰ ਵਿਰੁਧ ਲਾਮ-ਬੰਦ ਕਰ ਸਕੇ। ਯੋਗ ਅਗਵਾਈ, ਹੌਸਲਾ, ਹਠ, ਆਪਸੀ ਪ੍ਰੇਮ ਤੇ ਸੁਹਿਰਦਤਾ ਤੋਂ ਬਿਨਾਂ ਮੁਸੀਬਤਾਂ ਤੇ ਔਕੜਾਂ ਦਾ ਮੁਕਾਬਲਾ ਕਠਨ ਹੋ ਜਾਂਦੇ। ਮੁਸੀਬਤਾਂ ਫਿਰ ਇਕ ਇਕ ਕਰ ਕੇ ਨਹੀਂ ਆਉਂਦੀਆਂ, ਸਗੋਂ ਉਨ੍ਹਾਂ ਦੇ ਪਰ੍ਹਿਆਂ ਦੇ ਪਰ੍ਹੇ ਬਝ ਕੇ ਆਉਂਦੇ ਹਨ। ਸਵੱਲਿਆਂ ਭਾਗਾਂ ਨਾਲ ਜੇ ਉਪਰੋਕਤ ਗੁਣਾਂ ਵਾਲਾ ਆਗੂ ਕੌਮ ਨੂੰ ਮਿਲ ਜਾਵੇ ਤਾਂ ਤਾਂ ਉਹ ਤੂਫ਼ਾਨਾਂ ਵਿਚੋਂ ਵੀ ਬੇੜੇ ਨੂੰ ਕਢ ਕੇ ਬੰਨੇ ਲੈ ਆਉਂਦਾ ਹੈ। ਇਸ ਵੇਲੇ ਸਿੱਖਾਂ ਦੀ ਦਸ਼ਾ ਬੜੀ ਤਰਸ ਯੋਗ ਬਣੀ ਹੋਈ ਸੀ। ਤੱਤ ਖਾਲਸੇ ਦਾ ਇਕ ਵੱਡਾ ਹਿਸਾ ਬੰਦਾ ਸਿੰਘ ਦੇ ਹੁੰਦਿਆਂ ਹੀ ਨਾਰਾਜ਼ ਹੋ ਕੇ ਅੱਡ ਹੋ ਗਿਆ ਸੀ। ਸਰਕਾਰਾਂ ਤਾਂ ਇਹੋ ਜਿਹਾ ਮੌਕਿਆਂ ਨੂੰ ਧਾ ਕੇ ਲਭਦੀਆਂ ਹੁੰਦੀਆਂ। ਮੁਗ਼ਲ ਸਰਕਾਰ ਨੇ ਇਨ੍ਹਾਂ ਨੂੰ ਮੁਲਾਜ਼ਮਤਾਂ ਤੇ ਜਾਗੀਰਾਂ ਦੇ ਕੇ ਸਿੱਖਾਂ ਵਿਚ ਆਪਸੀ ਪਾੜੇ ਨੂੰ ਹੋਰ ਵਡਾ ਤੇ ਡੂੰਘਾ ਕਰ ਛਡਿਆ ਸੀ। ਜਦ ਬੰਦਾ ਸਿੰਘ ਨੂੰ ਮਾਰ ਲਿਆ ਤਾਂ ਤੱਤ ਖਾਲਸੇ ਦੇ ਜਥਿਆਂ ਦੀ ਸਰਕਾਰ ਨੂੰ ਕੀ ਲੋੜ ਸੀ। ਇਹ ਸਿੰਘ ਵੀ ਭਾਂਪ ਗਏ ਕਿ ਹੁਣ ਖ਼ੈਰ ਉਨ੍ਹਾਂ ਦੀ ਵੀ ਨਹੀਂ। ਜੋ ਹਥਿਆਰ, ਘੋੜੇ ਤੇ ਸਰਕਾਰੀ ਸਾਜ਼ੋ ਸਾਮਾਨ ਹੱਥ ਆਇਆ, ਲੈ ਕੇ ਹਰਨ ਹੋ ਗਏ। ਜੋ ਕਾਬੂ ਆ ਗਏ, ਸਭ ਕਤਲ ਕਰ ਦਿਤੇ ਗਏ।

ਜਾਰਜ ਫ਼ਾਰੈਸਟਰ ਆਪਣੇ ਸਫ਼ਰਨਾਮੇ ਦੇ ੩੧੨-੧੩ ਸਫ਼ੇ ਤੇ ਲਿਖਦਾ ਹੈ—.....ਸਿਖਾਂ ਨੂੰ ਮਾਰ ਮੁਕਾਉਣ ਲਈ ਸਰਕਾਰੀ ਮਸ਼ੀਨਰੀ ਇਸ ਤਰ੍ਹਾਂ ਹਥ ਧੋ ਕੇ ਉਨ੍ਹਾਂ ਦੇ ਮਗਰ ਪੈ ਗਈ ਕਿ ਪੰਜਾਬ ਵਿਚ ਸਿਖ ਕਿਧਰੇ ਨਜ਼ਰ ਨਾ ਆਉਂਦੇ। ਜਿਨ੍ਹਾਂ ਨੂੰ ਜਾਨ ਨਾਲੋਂ ਧਰਮ ਪਿਆਰਾ ਸੀ, ਘਰ ਘਾਟ ਛੱਡ ਕੇ ਪਹਾੜਾਂ ਵਿਚ ਜਾ ਵੜੇ। ਕਈ ਕੇਸ ਕਟਾ* ਤੇ ਬਾਹਰੀ ਚਿੰਨ੍ਹ ਤਿਆਗ ਕੇ ਦਿਨ-ਕਟੀ ਕਰਨ ਲਗੇ।[3]

ਸਿੱਖਾਂ ਉਤੇ ਬੜਾ ਔਖ ਦਾ ਸਮਾਂ ਸੀ। ਸਿਖ ਹਰ ਵਕਤ ਮੌਤ ਦੇ ਪਰਛਾਵੇਂ ਥਲੇ ਜੀਊ ਰਹੇ ਸਨ। ਸਰਕਾਰ ਦੀ ਪੁਲਸ ਤੇ ਫ਼ੌਜ ਤੁਅਸਬੀ ਮੁਸਲਮਾਨ ਜਨਤਾ ਤੇ ਬੁਜ਼ਦਿਲ ਲਾਲਚੀ ਤੇ ਟੋਡੀ ਹਿੰਦੂ ਵੀ ਨਾਲ

* ਇਹ ਭੇਖੀ ਤੇ ਨਕਲੀ ਸਿਖ ਹੋ ਸਕਦੇ ਹਨ, ਫੁਟ ਨੋਟ ਨੰ: ੩ ਵਿਚ ਲੇਖਕ ਨੇ ਇਨ੍ਹਾਂ ਬਾਰੇ ਗੱਲ ਕੀਤੀ ਹੈ।—ਸੰਪਾਦਕ


www.AKJ.Org

ਇਕ-ਜੁਟ ਹੋ ਕੇ ਸਿੱਖਾਂ ਦਾ ਜੰਗਲੀ ਜਾਨਵਰਾਂ ਵਾਂਗ ਨਿਤ ਦਿਹਾੜੇ ਸ਼ਿਕਾਰ ਖੇਡਦੇ ਫਿਰਦੇ ਸਨ।[੪]

ਸ਼ਿਵਾਲਿਕ ਦੀਆਂ ਪਹਾੜੀਆਂ ਤੇ ਖੱਡਾਂ, ਮਾਲਵੇ ਦਾ ਮਾਰੂ ਥਲ ਤੇ ਲਖੀ ਜੰਗਲ ਸਿੰਘਾਂ ਦੇ ਘਰ ਸਨ। ਸਾਗ ਪਾਤ, ਕੰਦ ਮੂਲ ਤੇ ਜੰਗਲੀ ਫਲ ਅਤੇ ਕੜਾਕਿਆਂ ਦੇ ਚੂਰਨ ਦੇ ਖੁਲ੍ਹੇ ਗਫੇ ਦਿਨ-ਕਟੀ ਲਈ ਕਾਫ਼ੀ ਸਨ। ਸਭ ਤੋਂ ਵਡਾ ਕੁਦਰਤ-ਮਾਂ ਦੀ ਗੋਦ ਦਾ ਨਿਘ ਸੀ। ਹਾੜ ਸਿਆਲ ਧਰਤੀ ਮਾਤਾ ਦੀ ਖੁਲ੍ਹੀ ਬੁਕਲ ਵਿਚ ਦਰਾਜ਼ ਬਿਸਤਰੇ। ਰਾਤ ਨੂੰ ਚੰਦ ਤਾਰਿਆਂ ਨਾਲ ਸਾਂਝ। ਹਰ ਵਕਤ ਹਥਿਆਰ ਸਰੀਰ ਨਾਲ ਲਾਈ ਕਿਸੇ ਆਉਣ ਵਾਲੀ ਹੋਣੀ ਦੀ ਉਡੀਕ ਵਿਚ, ਪੂਰੇ ਸ਼ਾਂਤ-ਚਿਤ ਤੇ ਹਰ ਵੇਲੇ ਚੜ੍ਹਦੀ ਕਲਾ ਵਿਚ। ਹਾੜ ਦੀ ਗਰਮੀ ਤੇ ਸਿਆਲ ਦੀ ਠੰਡ, ਉਨ੍ਹਾਂ ਨੂੰ ਪਾਣ ਲਾ ਕੇ ਸੁੱਚਾ ਫ਼ੌਲਾਦ ਬਣਾਉਂਦੀ ਸੀ। ਮੀਂਹ ਦੀ ਬੁਛਾੜ, ਬਦਲਾਂ ਦੀ ਘਨਘੋਰ ਗਰਜ, ਬਿਜਲੀ ਦੀ ਕੜਕ, ਗੜਿਆਂ ਦੀ ਤੜਕ ਤੜਕ ਤੇ ਤੂਫਾਨਾਂ ਦੀ ਛੂਕ ਉਨ੍ਹਾਂ ਲਈ ਲੋਰੀਆਂ ਤੇ ਉਨ੍ਹਾਂ ਲਈ ਸੰਗੀਤ ਸਨ। ਥੁੜ ਤੇ ਮੁਸੀਬਤਾਂ ਖਾਲਸਾ ਜੀ ਦੀਆਂ ਖਿਡਾਵੀਆਂ ਸਨ। ਇਸ ਹਾਲਤ ਵਿਚ ਸੀ ਉਸ਼ ਦਾ ਗੂੜ੍ਹਾ ਮਿੱਤਰ, ਰਣਤੱਤੇ ਦਾ ਹੰਢਿਆ ਤੇ ਸਦਾ ਸਾਥ ਦੇਣ ਵਾਲਾ ਉਸ ਦਾ 'ਇਰਾਕਾ'', ਅਣਥਕ ''ਇਰਾਕਾ''੪। -[ਚਲਦਾ-

## ਹਵਾਲੇ ਤੇ ਫੁਟ ਨੋਟ

੧. ਜਾਰਜ ਫ਼ਾਰੈਸਟਰ–ਜ਼ਰਨੀ ਫ਼ਰਾਮ ਬੰਗਾਲ ਟੂ ਇੰਗਲੈਂਡ (ਅੰਗ੍ਰੇਜ਼ੀ), ਭਾਗ ੧, ਸਫ਼ਾ ੩੧੨-੧੩। ਬਰਾਊਨ–ਇੰਡੀਆ ਟ੍ਰੈਕਟਸ (ਅੰਗ੍ਰੇਜ਼ੀ) ਭਾਗ ੨, ਸਫ਼ਾ ੧੩। ਐਮ. ਗ੍ਰੈਗਰ–ਹਿਸਟਰੀ ਆਫ਼ ਦੀ ਸਿਖਸ (ਅੰਗ੍ਰੇਜ਼ੀ) ਭਾਗ ੧, ਸਫ਼ਾ ੧੧੩-੧੪। ਮੈਲਕਮ–ਸਕੈਚ ਆਫ਼ ਦੀ ਸਿਖਸ, ਸਫ਼ਾ ੮੫। ਕਨਿੰਘਮ–ਹਿਸਟਰੀ ਆਫ਼ ਦੀ ਸਿਖਸ (ਅੰਗ੍ਰੇਜ਼ੀ), ਸਫ਼ਾ ੯੫। ਸ੍ਰੀ ਬੀਰ ਮਰਗੇਸ਼–ਗੁਰ-ਬਿਲਾਸ (ਗੁਰਮੁਖੀ) (੮੨)। ਡਾ: ਹਰੀ ਰਾਮ ਹਿਸਟਰੀ ਆਫ਼ ਦੀ ਸਿਖਸ *II*, ਸਫ਼ਾ ੩੯. (ਇਹ ਸਾਰੇ ਹਵਾਲੇ)।

੨. ਮੁਲਖਰਾਜ ਭੱਲਾ–ਸ਼ਹੀਦ ਗੰਜ (੧੯੯੫ ਦੀ ਛਾਪ–ਉਰਦੂ ਵਿਚ) ਸਫ਼ਾ ੨੨-੨੩।

੩. ਬੰਦਾ ਸਿੰਘ ਨੇ ਜਦ ਮੁਗਲ ਰਾਜ ਦਾ ਪੰਜਾਬ ਦੇ ਵੱਡੇ ਹਿੱਸੇ ਵਿਚੋਂ ਖਾਤਮਾ ਕਰ ਕੇ ਲੋਕਾਂ ਦੇ ਭਲੇ ਵਾਲਾ ਰਾਜ-ਪ੍ਰਬੰਧ ਕਾਇਮ ਕਰ ਦਿਤਾ, ਮੁਗਲਾਂ ਦਾ ਜਗੀਰਦਾਰੀ ਢਾਂਚਾ ਖ਼ਤਮ ਕਰ ਕੇ ਜ਼ਮੀਨ ਹਲ-ਵਾਹਕਾਂ ਨੂੰ ਦੇ ਕੇ ਪੱਕੇ ਮਾਲਕ ਬਣਾ ਦਿਤਾ, ਜਜ਼ੀਆ ਇਕ ਸਿਰਿਓਂ ਖ਼ਤਮ ਕਰ ਦਿਤਾ, ਲੋਕਾਂ ਤੋਂ ਸਾਰੀਆਂ ਹੀ ਛੱਟਾਂ ਲਾਹ ਦਿਤੀਆਂ, ਤਾਂ ਬੰਦਾ ਸਿੰਘ ਦਾ ਨੇੜ ਹਾਸਲ ਕਰਨ ਲਈ ਅਨੇਕਾਂ ਮੌਕਾ-ਪ੍ਰਸਤ, ਸਿੱਖੀ ਦੇ ਜ਼ਾਹਰਾ ਚਿੰਨ੍ਹ ਰਖ ਕੇ ਸਿੱਖ ਭੇਸ ਵਿਚ ਹੋ ਗਏ, ਹਾਲਾਂਕਿ ਤਨੋਂ ਮਨੋਂ ਉਹ ਸਿੱਖ ਨਹੀਂ ਸਨ ਤੇ ਨਾ ਹੀ ਸਿੱਖੀ ਦਾ ਸਬਕ ਉਨ੍ਹਾਂ ਨੂੰ ਦ੍ਰਿੜ੍ਹ ਹੋਇਆ ਸੀ। ਇਹ ਲੋਕ ਸਨ ਜੋ ਵਕਤੀ ਤੌਰ ਤੇ ਲਾਭ ਲੈਣ ਲਈ ''ਜਥਾ ਰਾਜਾ ਤਥਾ ਪਰਜਾ'' ਵਾਲੀ ਕਹਾਵਤ ਅਨੁਸਾਰ ਜ਼ਾਹਰਾ ਸਿੱਖ ਸਰੂਪ ਧਾਰਨ ਕਰ ਬੈਠੇ ਸਨ। ਬੰਦਾ ਸਿੰਘ ਤੋਂ ਪਿਛੋਂ ਜਦ ਦਮਨ ਚੱਕਰ ਚਲਿਆ ਤਾਂ ਨਕਲੀ ਸਿੱਖ ਮੈਦਾਨੋਂ ਭਜ ਨਿਕਲੇ। ਜੇ ਸੱਚ-ਮੁੱਚ ਦੇ ਸਿੱਖ ਹੁੰਦੇ ਤਾਂ ਸਿੱਖਾਂ ਵਾਲਾ ਹੱਠ ਤੇ ਸਿਰੜ ਹੁੰਦਾ। ਮਾੜੀ ਜਿਹੀ ਸਖ਼ਤੀ ਆਈ ਤਾਂ ਸਭ ਚਿੰਨ੍ਹ ਗ਼ਾਇਬ ਕਰ ਕੇ ਆਪਣੀ ਪਹਿਲੀ ਹਾਲਤ ਵਿਚ ਨਮੂਦਾਰ ਹੋ ਗਏ। ਫ਼ਾਰੈਸਟਰ ਸਾਹਿਬ ਨੂੰ ਟਪਲਾ ਲੱਗਾ ਹੈ। ਉਸ ਨੂੰ ਪੰਜਾਬ ਵਿਚ ਦੀ ਲੰਘਦੇ ਨੂੰ ਬਰੀਕੀ ਵਿਚ ਜਾ ਕੇ ਸਚਾਈ ਤੱਕ ਅਪੜਨ ਦਾ ਸਮਾਂ ਹੀ ਨਹੀਂ ਮਿਲਿਆ ਲਗਦੈ। ਲੰਘਦੇ ਲੰਘਦੇ ਜੋ ਸੁਣਿਆ, ਲਿਖ ਦਿਤਾ। ਫਿਰ ਸਰਕਾਰ ਦੇ ਝੂਠੇ ਪ੍ਰਾਪੇਗੰਡੇ ਵੀ ਦਿਨ ਨੂੰ ਰਾਤ ਕਰਕੇ ਵਿਖਾ ਦੇਂਦੇ ਹਨ। ਦੂਜਾ ਮੁਸਲਮਾਨ, ਜੋ ਬਹੁਤੇ ਕਰਕੇ ਸਰਕਾਰ ਦੇ ਪੱਖ ਵਿਚ ਸਨ, ਸਿਰਫ਼ ਇਸ ਕਰਕੇ ਕਿ ਸਰਕਾਰ ਮੁਸਲਮਾਨਾਂ ਦੀ ਹੈ, ਸਿੱਖਾਂ ਨਾਲ ਖ਼ੁਸ਼ ਨਹੀਂ ਸਨ, ਕਿਉਂਕਿ ਸਿੱਖਾਂ ਹਥੋਂ ਬਹੁਤੇ ਮਾਰ ਖਾ ਚੁਕੇ ਸਨ, ਆਪਣੀ ਫੋਕੀ ਖ਼ੁਸ਼ੀ ਦਾ ਪ੍ਰਗਟਾਵਾ ਕਰਨ ਲਈ ਟਾਹਰਾਂ ਮਾਰਦੇ ਹੋਣਗੇ ਕਿ ਸਿੱਖ ਮਾਰੀ ਦੇ ਸਿੱਖੀ ਤਿਆਗ ਗਏ ਹਨ ਤੇ ਇਸ ਗੱਲ ਨੂੰ ਥੜਿਆਂ, ਖੂੰਢਾਂ, ਸਥਾਂ ਵਿਚ ਮਜ਼ੇ ਲੈ ਲੈ ਉਛਾਲਦੇ ਹੋਣਗੇ, *



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੩)

ਚਿਰੰਕਾਲ ਮਾਨਸੁ ਜਨਮੁ ਨਿਰਮੋਲ ਪਾਏ,
ਸਫਲੁ ਜਨਮੁ ਗੁਰ ਚਰਨ ਸਰਨ ਕੈ ॥
ਲੋਚਨ ਅਮੋਲ ਗੁਰ ਦਰਸੁ ਅਮੋਲੁ ਦੇਖੇ,
ਸ੍ਰਵਨ ਅਮੋਲ ਗੁਰ ਬਚਨ ਧਰਨ ਕੈ ॥
ਨਾਸਕਾ ਅਮੋਲ ਚਰਨਾਰਬਿੰਦ ਬਾਸਨਾ ਕੈ,
ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ ॥
ਹਸਤ ਅਮੋਲ ਗੁਰਦੇਵ ਸੇਵ ਸਫਲ ਕੈ,
ਚਰਨ ਅਮੋਲ ਪਰਦਛਨਾ ਕਰਨ ਕੈ ॥੯॥੧੭॥

**ਪਦ ਅਰਥ** : ਚਿਰੰਕਾਲ–ਚਿਰ ਪਿਛੋਂ, ਕਈ ਜਨਮਾਂ ਵਿਚ ਭਟਕਣ ਪਿਛੋਂ। ਨਿਰਮੋਲ–ਕੀਮਤੀ। ਸਫਲ–ਫਲਦਾਈ, ਸੁਖਦਾਈ। ਸ੍ਰਵਨ–ਕੰਨ। ਧਰਨ ਕੈ–ਦ੍ਰਿੜ੍ਹ ਕਰ ਕੇ ਧਾਰਨ ਕਰਨ ਨਾਲ। ਨਾਸਕਾ–ਨੱਕ। ਚਰਨਾਰਬਿੰਦ–ਚਰਨ+ਅਰਬਿੰਦ, ਕੰਵਲ ਵਰਗੇ ਚਰਨ। ਬਾਸਨ–ਸੁਗੰਧੀ। ਹਸਤ–ਹੱਥ।

**ਅਰਥ** : (ਬੜੇ ਜਨਮਾਂ ਵਿਚ ਭਟਕ ਭਟਕ ਕੇ) ਚਿਰ ਪਿਛੋਂ ਅਮੋਲਕ ਮਨੁਖਾ ਜਨਮ ਪਾਈਦਾ ਹੈ, ਪਰ ਇਹ ਜਨਮ ਸਫਲਾ ਓਦੋਂ ਹੀ ਹੈ ਜਦੋਂ ਸਤਿਗੁਰੂ ਦੀ ਚਰਨਾਂ ਦੀ ਸ਼ਰਨ ਲਈਦੀ ਹੈ।

ਅੱਖਾਂ ਓਦੋਂ ਹੀ ਅਮੋਲਕ (ਸਫਲੀਆਂ) ਹਨ ਜਦੋਂ ਸਤਿਗੁਰੂ ਦਾ ਅਮੋਲਕ ਦਰਸ਼ਨ ਦੇਖਦੀਆਂ ਹਨ। ਅਤੇ ਕੰਨ ਓਦੋਂ ਹੀ ਅਮੋਲਕ (ਸਫਲੇ) ਹਨ ਜਦੋਂ ਸਤਿਗੁਰ ਦੇ ਬਚਨਾਂ ਨੂੰ ਪੂਰੇ ਧਿਆਨ ਨਾਲ ਸੁਣਦੇ ਹਨ।

ਨਾਸਕਾਂ ਓਦੋਂ ਹੀ ਅਮੋਲਕ (ਸਫਲੀਆਂ) ਹਨ ਜਦੋਂ ਸਤਿਗੁਰੂ ਦੇ ਚਰਨ ਕਮਲਾਂ (ਦੀ ਚਰਨ-ਧੂੜੀ) ਦੀ ਅਲੌਕਿਕ ਸੁਗੰਧੀ ਨੂੰ ਪਰਸਦੀਆਂ ਹਨ ਅਤੇ ਜੀਭ ਓਦੋਂ ਹੀ ਅਮੁਲੀ (ਸਫਲੀ) ਹੈ ਜਦੋਂ (ਸਤਿਗੁਰੂ ਦੇ ਬਖਸ਼ੇ) ਗੁਰਮੰਤਰ ਦੇ ਸਿਮਰਨ ਵਿਚ ਜੁਟਦੀ ਹੈ।

ਹੱਥ ਓਦੋਂ ਹੀ ਅਮੋਲਕ (ਸਫਲੇ) ਹਨ ਜਦੋਂ ਸਤਿਗੁਰੂ ਦੀ ਸੁਖਦਾਈ ਸੇਵਾ ਵਿਚ ਲਗਦੇ ਹਨ ਅਤੇ ਪੈਰ ਓਦੋਂ ਹੀ ਅਮੋਲਕ (ਸਫਲੇ) ਹੁੰਦੇ ਹਨ ਜਦੋਂ (ਸਤਿਗੁਰਾਂ ਦੀ) ਪਰਦੱਖਣਾ ਕਰਦੇ ਹਨ।੯।੧੭।

---

* ਲੰਘਦੇ ਫ਼ਾਰੇਸਟਰ ਨੇ ਸੁਣਿਆ ਤੇ ਉਹੋ ਹੀ ਆਪਣੇ ਸਫ਼ਰਨਾਮੇ ਵਿਚ ਅੰਕਤ ਕਰ ਦਿਤਾ। ਉਸ ਦੌਰ ਦੀ ਸਭ ਤੋਂ ਗਰਮ ਖ਼ਬਰ ਜਾਂ ਗੱਲ-ਕੱਥ ਸਿੱਖਾਂ ਬਾਰੇ ਹੀ ਹੋ ਸਕਦੀ ਸੀ।

੪. ਡਾ: ਹਰੀ ਰਾਮ ਗੁਪਤਾ–ਹਿਸਟਰੀ ਆਫ਼ ਦੀ ਸਿਖਸ *II*, ਸਫ਼ਾ ੪੦।

੫. ਸਿੰਘ ਆਪਣੇ ਘੋੜੇ ਨੂੰ ਪਿਆਰ ਸਤਿਕਾਰ ਵਡਿਆਈ ਵਜੋਂ ਆਪਣੇ ਗੜਗੱਜ ਬੋਲਿਆਂ ਵਿਚ 'ਇਰਾਕਾ' ਜਾਂ ਇਰਾਕੀ ਕਹਿੰਦੇ ਸਨ ਤੇ ਹਨ। ਇਰਾਕ ਦੇਸ਼ ਦੇ ਘੋੜਿਆਂ ਦੀ ਨਸਲ ਦੁਨੀਆ ਵਿਚ ਸਭ ਤੋਂ ਉਤਮ ਤੇ ਤਾਕਤਵਰ ਮੰਨੀ ਜਾਂਦੀ ਹੈ। ਤੇ ਬੜੇ ਕੀਮਤੀ ਹੁੰਦੇ ਹਨ।

ਹਾਂ ਸਿੰਘਾਂ ਪਾਸ ਏਨੀ ਮਾਇਆ ਕਿਥੋਂ ਕਿ ਇਰਾਕ ਚੋਂ ਖ਼ਰੀਦ ਲਿਆਉਣ, ਜਾਂ ਹਿੰਦੁਸਤਾਨ ਵਿਚ ਪਹੁੰਚ ਚੁਕ ਖ਼ਰੀਦ ਲੈਣ ! ਇਹ ਸਭ ਪੁਲਸ, ਫ਼ੌਜ ਤੇ ਸੌਦਾਗਰਾਂ, ਜੋ ਸ਼ਾਹੀ ਤਬੇਲਿਆਂ ਲਈ ਲੈ ਕੇ ਆਉਂਦੇ ਸਨ, ਪਾਸੋਂ ਮੌਕਾ ਪਾ ਕੇ ਬਾਜ਼ ਵਾਂਗ ਝਪਟ ਲੈਂਦੇ ਸਨ। ਇਸੇ ਤਰ੍ਹਾਂ ਹਥਿਆਰ ਵੀ। ਜੇ ਕਿਸੇ ਸਿੰਘ ਪਾਸ ਕਿਸੇ ਹੋਰ ਨਸਲ ਦਾ ਘੋੜਾ ਹੁੰਦਾ, ਭਾਵੇਂ ਬਿਲਕੁਲ ਕਮਜ਼ੋਰ ਹੀ ਹੋਵੇ, ਵਜਦਾ ਉਹ ਵੀ ਇਰਾਕਾ ਹੀ। ਇਨ੍ਹਾਂ ਲੋਕਾਂ ਨੇ ਕਿਸੇ ਵੀ ਢਹਿੰਦੀ ਕਲਾ ਵਾਲੀ ਗੱਲ ਨਾਲ ਨਾਤਾ ਨਹੀਂ ਰਖਿਆ। ਹਮੇਸ਼ਾ ਚੜ੍ਹਦੀ ਕਲਾ ਤੇ ਨਿਸ਼ਾਨਾ ਫਤਹ ! ਮੌਤ, ਜਿਸ ਤੋਂ ਬਾਕੀ ਚੁਰਾਸੀ ਡਰਦੀ ਹੈ, ਸਿੰਘਾਂ ਲਈ ਤੁਛ ਹੈ। ਕਿਸੇ ਦੇ ਅਕਾਲ ਚਲਾਣੇ ਵੇਲੇ ਕਹਿਣਗੇ, ਫਲਾਣਾ ਸਿੰਘ ਚੜ੍ਹਾਈ (ਵੈਰੀ ਤੇ ਹਮਲਾ) ਕਰ ਗਿਆ ਜਾਂ ਫਤਹ ਗਜਾ ਗਿਆ ਹੈ।


www.AKJ.Org

ਦਰਸ ਧਿਆਨਿ ਦਿਬ-ਦ੍ਰਿਸਟਿ ਪ੍ਰਗਾਸ ਭਈ,
ਕਰੁਣਾ-ਕਟਾਛਿ ਦਿਬ ਦੇਹ ਪਰਵਾਨ ਹੈ॥
ਸਬਦ ਸੁਰਤਿ ਲਿਵ ਬਜਰ ਕਪਾਟ ਖੁਲੇ,
ਪ੍ਰੇਮ ਰਸ ਰਸਨ ਕੈ ਅੰਮ੍ਰਿਤ ਨਿਧਾਨੁ ਹੈ॥
ਚਰਨ ਕਮਲ ਮਕਰੰਦ ਬਾਸਨਾ ਸੁਬਾਸ,
ਹਸਤ ਪੂਜਾ ਪ੍ਰਨਾਮਿ ਸਫਲ ਸੁਗਿਆਨੁ ਹੈ॥
ਅੰਗੁ ਅੰਗੁ ਬਿਸਮੁ ਸਰਬੰਗ ਮੈਂ ਸਮਾਇ ਭਏ,
ਮਨ ਮਨਸਾ ਥਕਤ ਬ੍ਰਹਮ ਧਿਆਨੁ ਹੈ ॥੧੦॥੧੮॥

**ਪਦ ਅਰਥ** :–ਦਿਬ ਦ੍ਰਿਸਟਿ–ਅਲੌਕਿਕ ਗਿਆਨ ਦ੍ਰਿਸ਼ਟੀ । ਪ੍ਰਗਾਸ–ਪ੍ਰਕਾਸ਼, ਪਰਗਟ । ਕਰੁਣਾ ਕਟਾਛਿ–ਮਿਹਰ ਭਰੀ ਦ੍ਰਿਸ਼ਟੀ । ਦਿਬ–ਦੈਵੀ, ਰੱਬੀ । ਬਜਰ ਕਪਾਟ–ਪੱਥਰ ਵਰਗੇ ਦਰਵਾਜ਼ੇ । ਰਸਨ–ਰਸਨਾ । ਨਿਧਾਨੁ–ਖ਼ਜ਼ਾਨਾ । ਮਕਰੰਦ–ਰਜ, ਧੂੜੀ । ਹਸਤ–ਹੱਥ । ਪ੍ਰਨਾਮ–ਬੰਦਨਾ, ਨਮਸਕਾਰ । ਬਾਸਨਾ ਸੁਬਾਸ–ਸੁੰਦਰ ਸੁਗੰਧੀ । ਸੁਗਿਆਨੁ–ਸ੍ਰੇਸ਼ਟ ਗਿਆਨ, ਆਤਮ ਗਿਆਨ । ਬਿਸਮੁ–ਅਸਚਰਜ, ਅਲੌਕਿਕ । ਸਰਬੰਗ–ਸਭ ਵਿਚ ਵਿਆਪਕ ਪ੍ਰਭੂ । ਮਨਸਾ–ਵਾਸ਼ਨਾ । ਥਕਤ–ਥਕ, ਮੁਕ ਜਾਂਦੀ ।

**ਅਰਥ** :–(ਸਤਿਗੁਰੂ ਦੇ) ਦਰਸ਼ਨ ਵਿਚ ਧਿਆਨ ਲਾਉਣ ਨਾਲ ਅਲੌਕਿਕ ਗਿਆਨ ਦ੍ਰਿਸ਼ਟੀ ਦਾ ਪ੍ਰਗਾਸ ਹੋ ਜਾਂਦਾ ਹੈ ਅਤੇ ਸਤਿਗੁਰੂ ਦੀ ਮਿਹਰ ਦੀ ਨਜ਼ਰ ਨਾਲ ਮਨੁਖਾ ਦੇਹੀ ਰੱਬੀ ਨੂਰ ਵਾਲੀ ਹੋ ਕੇ ਸਫਲੀ ਹੋ ਜਾਂਦੀ ਹੈ । (ਗੁਰੂ ਦੇ) ਸ਼ਬਦ, ਗੁਰ-ਮੰਤਰ ਵਿਚ ਲਿਵ ਜੁੜਨ ਨਾਲ ਅਗਿਆਨ ਦੇ ਬਜਰ ਕਿਵਾੜ ਖੁਲ੍ਹ ਜਾਂਦੇ ਹਨ ਅਤੇ ਅੰਮ੍ਰਿਤ ਰੂਪੀ ਨਾਮ-ਖ਼ਜ਼ਾਨੇ ਦੀ ਪ੍ਰਾਪਤੀ ਹੋਣ ਤੇ ਰਸਨਾ ਪ੍ਰੇਮ-ਰਸ ਵਿਚ ਗੀਧੀ ਹੋ ਕੇ ਅੰਮ੍ਰਿਤ ਰਸ ਦੇ ਗਟਾਕ ਪੀਂਦੀ ਹੈ । (ਸਤਿਗੁਰੂ ਦੇ) ਚਰਨ ਕਮਲਾਂ ਦੀ ਧੂੜੀ ਦੀ ਵਾਸ਼ਨਾ ਪਰਸਣ ਦੇ ਤੁਫ਼ੈਲ ਨਾਮ ਦੀ ਸੁੰਦਰ ਸੁਗੰਧੀ ਮਹਿਕ ਉਠਦੀ ਹੈ ਅਤੇ ਹੱਥ (ਸਤਿਗੁਰੂ ਦੀ) ਉਪਾਸ਼ਨਾ ਤੇ ਬੰਦਨਾ ਵਿਚ ਲਗਣ ਨਾਲ, ਸਫਲ ਆਤਮ-ਗਿਆਨ ਪ੍ਰਾਪਤ ਹੈ । (ਇਉਂ ਪ੍ਰਾਣੀ ਦਾ) ਅੰਗ ਅੰਗ, ਰੋਮ ਰੋਮ ਅਲੌਕਿਕ ਸੋਭਾ ਵਾਲਾ ਹੋ ਕੇ, ਸਭਨਾਂ ਵਿਚ ਵਿਆਪਕ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ ਅਤੇ ਮਨ ਦੀਆਂ ਵਾਸ਼ਨਾਂ ਖ਼ਤਮ ਹੋ ਕੇ ਪ੍ਰਭੂ-ਚਰਨਾਂ ਵਿਚ ਧਿਆਨ ਲਗ ਜਾਂਦਾ ਹੈ ।੧੦।੧੮।

ਗੁਰਮੁਖਿ ਸੁਖ-ਫਲ ਅਤਿ ਅਸਚਰਜ-ਮੈ,
ਹੇਰਤ ਹਿਰਾਨੇ ਆਨ ਧਿਆਨ ਬਿਸਰਾਨੇ ਹੈ॥
ਗੁਰਮੁਖਿ ਸੁਖ-ਫਲ ਗੰਧੁ ਰਸੁ ਬਿਸਮੁ ਹੁਇ,
ਅਨ ਰਸ ਬਾਸਨਾ ਬਿਲਾਸ ਨ ਹਿਤਾਨੇ ਹੈ॥
ਗੁਰਮੁਖਿ ਸੁਖ-ਫਲ ਅਦਭੁਤ ਅਸਥਾਨ,
ਦੇਖਿ ਮਿਤ੍ਰ-ਮੰਡਲ ਅਸਥਲੁ ਨ ਲੁਭਾਨੇ ਹੈ॥
ਗੁਰਮੁਖਿ ਸੁਖ-ਫਲ ਸੰਗਤਿ ਮਿਲਾਪ ਦੇਖਿ,
ਆਨ ਗਜਾਨ ਧਜਾਨ ਸਭਿ ਨਿਰਸ ਕਰਿ ਜਾਨੇ ਹੈ ॥੧੧॥੧੯॥

**ਪਦ ਅਰਥ** : ਗੁਰਮੁਖਿ–ਉਹ ਪੁਰਖ ਜੋ ਗੁਰੂ ਦੇ ਸਨਮੁਖ ਹੈ, ਸਤਿਗੁਰੂ ਨੂੰ ਸਦਾ ਅੰਗ ਸੰਗ ਜਾਣਨ ਵਾਲਾ, ਸਦਾ ਸਤਿਗੁਰੂ ਦੀ ਹਜ਼ੂਰੀ ਮਾਣਨ ਵਾਲਾ । ਸੁਖ ਫਲ–ਨਾਮ-ਸਿਮਰਨ ਦੀ ਘਾਲ ਕਮਾਈ ਸਦਕਾ ਪ੍ਰਾਪਤ ਹੋਇਆ ਆਤਮ-ਸੁਖ, ਆਤਮ ਗਿਆਨ । ਅਤਿ–ਬਹੁਤ । ਅਸਚਰਜ-ਮੈ–ਅਸਚਰਜ ਸਰੂਪ । ਹੇਰਤ–ਵੇਖਦਿਆਂ, ਵੇਖ ਕੇ । ਗੰਧ ਰਸੁ–ਵਾਸ਼ਨਾ ਦਾ ਸੁਆਦ । ਬਿਸਮ–ਅਸਚਰਜ । ਅਨ ਰਸ–ਹੋਰ ਦੁਨਿਆਵੀ ਰਸ । ਬਾਸਨਾ–ਵਾਸ਼ਨਾ, ਸੁਗੰਧੀ । ਹਿਤਾਨੇ–ਪ੍ਰੀਤੀ ਉਪਜਦੀ । ਅਦਭੁਤ ਅਸਥਾਨ–ਅਸਚਰਜ ਟਿਕਾਣਾ, ਅਵਸਥਾ ।


www.AKJ.Org

ਮ੍ਰਿਤ ਮੰਡਲ—ਨਾਸਵੰਤ ਸੰਸਾਰ। ਅਸਥਲ—ਅਸਥਾਨ। ਮਿਲਾਪ ਦੇਖਿ—ਮਿਲਾਪ ਪ੍ਰਾਪਤ ਕਰ ਕੇ। ਲੁਭਾਨੇ—ਲੁਭਾ ਸਕਦੇ, ਮੋਹ ਸਕਦੇ। ਨਿਰਸ—ਫਿਕੇ, ਬੇ-ਸੁਆਦੇ।

**ਅਰਥ** : ਸਨਮੁਖ ਗੁਰਸਿਖ ਦੇ ਨਾਮ-ਸਿਮਰਨ ਦੇ ਤੁਫ਼ੈਲ ਪ੍ਰਾਪਤ ਹੋਣ ਵਾਲਾ ਸੁਖ, ਆਤਮ-ਸੁਖ ਬਹੁਤ ਹੀ ਅਸਚਰਜਤਾ ਭਰਿਆ ਹੈ। ਉਸ ਨੂੰ ਵੇਖ ਕੇ ਹੈਰਾਨ ਹੋ ਜਾਈਦਾ ਹੈ ਅਤੇ ਹੋਰ ਸਭ ਪਾਸਿਆਂ ਦੇ ਧਿਆਨ ਵਿਸਰ ਜਾਂਦੇ ਹਨ।

ਗੁਰਮੁਖ, ਆਤਮ-ਸੁਖ ਦੀ ਵਾਸ਼ਨਾ ਦੇ ਅਨੰਦ ਕਾਰਨ ਐਸੇ ਬਿਸਮਾਦ ਹੁੰਦੇ ਹਨ ਕਿ ਉਹ ਫਿਰ ਹੋਰ ਦੁਨਿਆਵੀ ਰਸਾਂ ਕਸਾਂ ਦੀਆਂ ਵਿਲਾਸੀ ਸੁਗੰਧੀਆਂ ਨੂੰ ਪਿਆਰ ਨਹੀਂ ਕਰਦੇ।

ਸਤਿਗੁਰੂ ਨੂੰ ਸਦਾ ਸਨਮੁਖ ਜਾਣਨ ਵਾਲੇ ਗੁਰਮੁਖਾਂ ਦੇ ਆਤਮ-ਅਨੰਦ ਦੀ ਅਵਸਥਾ ਅਸਚਰਜ ਹੈ। ਨਾਸਵੰਤ ਸੰਸਾਰ ਦੇ (ਖਿਚ ਪਾਉਣ ਵਾਲੇ) ਟਿਕਾਣੇ ਉਨ੍ਹਾਂ ਨੂੰ ਲੁਭਾਇਮਾਨ ਨਹੀਂ ਕਰ ਸਕਦੇ।

ਗੁਰੂ ਦੇ ਸਨਮੁਖ ਗੁਰਸਿਖ ਆਤਮ-ਗਿਆਨ-ਬਿਵਸਥਾ ਪ੍ਰਾਪਤ ਕਰ ਕੇ, ਹੋਰ ਸਭ ਤਰ੍ਹਾਂ ਦੇ ਗਿਆਨਾਂ ਧਿਆਨਾਂ ਨੂੰ ਫਿਕੇ ਕਰਕੇ ਜਾਣਦੇ ਹਨ।੧੧।੧੯।

ਗੁਰਮੁਖਿ ਸੁਖ-ਫਲ ਦਯਾ ਕੈ ਦਿਖਾਵੈ ਜਾਂਹਿ,
ਤਾਂਹਿ ਆਨ ਰੂਪ ਰੰਗ ਦੇਖੇ ਨਹਿ ਭਾਵਈ॥
ਗੁਰਮੁਖਿ ਸੁਖ-ਫਲ ਮਯਾ ਕੈ ਚਖਾਵੈ ਜਾਂਹਿ,
ਤਾਹਿ ਅਨ-ਰਸ ਨਹੀਂ ਰਸਨਾ ਹਿਤਾਵਈ॥
ਗੁਰਮੁਖਿ ਸੁਖ-ਫਲ ਅਗਹੁ ਗਹਾਵੈ ਜਾਂਹਿ,
ਸਰਬ ਨਿਧਾਨ ਪਰਸਨ ਕੌ ਨ ਧਾਵਈ॥
ਗੁਰਮੁਖਿ ਸੁਖ-ਫਲ ਅਲਖ ਲਖਾਵੈ ਜਾਂਹਿ;
ਅਕਥ ਕਥਾ ਬਿਨੋਦ ਵਾਹੀ ਬਨਿ ਆਵਈ॥੧੨॥੨੦॥

**ਪਦ ਅਰਥ** :—ਗੁਰਮੁਖਿ—ਗੁਰੂ ਕਾ ਸਨਮੁਖ ਸਿਖ। ਸੁਖ ਫਲ—ਆਤਮ-ਅਨੰਦ। ਦਯਾ ਕੈ—ਮਿਹਰ ਕਰ ਕੇ। ਦਿਖਾਵੈ ਜਾਂਹਿ—ਜਿਸ ਨੂੰ ਦੇਂਦਾ ਹੈ, ਬਖਸ਼ਦਾ ਹੈ। ਤਾਂਹਿ—ਤਿਸ ਨੂੰ। ਆਨ—ਹੋਰ। ਨਹਿ ਭਾਵਈ—ਨਹੀਂ ਸੁਖਾਂਦੇ। ਮਯਾ ਕੈ—ਕਿਰਪਾ ਕਰ ਕੇ। ਹਿਤਾਵਈ—ਪਿਆਰੇ ਲਗਦੇ, ਚੰਗੇ ਲਗਦੇ। ਅਗਹੁ—ਪਹੁੰਚ ਤੋਂ ਪਰੇ। ਗਹਾਵੈ—ਫੜਾਉਂਦਾ ਹੈ, ਬਖਸ਼ਦਾ ਹੈ। ਸਰਬ ਨਿਧਾਨ—ਸਾਰੇ ਖ਼ਜ਼ਾਨੇ। ਪਰਸਨ—ਪ੍ਰਾਪਤ ਕਰਨ। ਧਾਵਈ—ਦੌੜਦਾ, ਭਟਕਦਾ। ਅਲਖ—ਸਮਝ ਤੋਂ ਪਰੇ। ਲਖਾਵੈ—ਜਣਾਉਂਦਾ, ਸੋਝੀ ਬਖਸ਼ਦਾ। ਅਕਥ ਕਥਾ ਬਿਨੋਦ—ਅਨੰਦ ਦਾ ਬਿਆਨ ਨਹੀਂ ਹੋ ਸਕਦਾ। ਵਾਹੀ—ਉਸੇ ਨੂੰ।

**ਅਰਥ** :—ਜਿਸ ਗੁਰੂ ਕੇ ਸਨਮੁਖ ਗੁਰਸਿਖ ਨੂੰ (ਸਤਿਗੁਰੂ) ਮਿਹਰ ਕਰ ਕੇ ਆਤਮ-ਗਿਆਨ ਬਖਸ਼ਦਾ ਹੈ, ਉਸ ਨੂੰ ਫਿਰ ਹੋਰ ਰੂਪ ਰੰਗ ਦੇਖਣੇ ਸੁਖਾਂਦੇ ਨਹੀਂ। ਜਿਸ ਗੁਰਮੁਖ ਨੂੰ (ਸਤਿਗੁਰੂ) ਕਿਰਪਾ ਕਰ ਕੇ ਆਤਮ-ਅਨੰਦ ਦਾ ਸੁਆਦ ਬਖ਼ਸ਼ਦਾ ਹੈ, ਉਸ ਦੀ ਰਸਨਾ ਨੂੰ ਫਿਰ ਹੋਰ ਰਸ ਚੰਗੇ ਨਹੀਂ ਲਗਦੇ।

ਗੁਰੂ ਦੀ ਹਜ਼ੂਰੀ ਮਾਣਨ ਵਾਲੇ ਜਿਸ ਗੁਰਸਿਖ ਨੂੰ (ਸਤਿਗੁਰੂ) ਐਸਾ ਆਤਮ-ਸੁਖ ਬਖਸ਼ਦਾ ਹੈ, ਜਿਸ ਤਕ ਕਿਸੇ ਦੀ ਰਸਾਈ ਨਹੀਂ, ਤਾਂ ਉਹ ਸਭ ਦੁਨਿਆਵੀ ਖ਼ਜ਼ਾਨਿਆਂ ਨੂੰ ਹਾਸਲ ਕਰਨ ਲਈ ਭਟਕਦਾ ਨਹੀਂ ਫਿਰਦਾ। (ਸਤਿਗੁਰੂ) ਜਿਸ ਸਨਮੁਖ ਗੁਰਸਿਖ ਨੂੰ ਉਸ ਆਤਮ-ਅਨੰਦ ਬਿਵਸਥਾ ਦੀ ਸੋਝੀ ਬਖਸ਼ਦਾ ਹੈ ਜੋ ਕਿਸੇ ਤੋਂ ਜਾਣੀ ਨਹੀਂ ਜਾਂਦੀ ਤਾਂ ਉਸ ਗੁਰਸਿਖ ਦੀ ਆਤਮ-ਅਨੰਦ-ਬਿਵਸਥਾ ਦੇ ਅਨੰਦ ਦਾ ਵਰਣਨ ਨਹੀਂ ਹੋ ਸਕਦਾ, ਇਹ ਅਨੰਦ ਉਸੇ ਨੂੰ ਬਣ ਆਉਂਦਾ ਹੈ। ਭਾਵ, ਉਹ ਆਪ ਹੀ ਉਸ ਰਸ ਦੇ ਅਨੰਦ ਨੂੰ ਜਾਣ ਸਕਦਾ ਹੈ।੧੨।੨੦।


www.AKJ.Org

# ਜੀਵਉ ਨਾਮੁ ਸੁਨੀ ॥

[ਪ੍ਰੋ: ਬਲਵਿੰਦਰਪਾਲ ਸਿੰਘ ਜੀ, ਸੰਪਾਦਕ 'ਸਾਡਾ ਵਿਰਸਾ ਸਾਡਾ ਗੌਰਵ', ਲੁਧਿਆਣਾ]

ਧਰਤੀ ਦੇ ਮਨੁਖ ਦੀ ਸਭਿਅਤਾ ਦੇ ਵਿਕਾਸ ਦਾ ਲੇਖਾ ਜੋਖਾ ਇਤਿਹਾਸਕਾਰਾਂ ਵਲੋਂ ਕੀਤਾ ਗਿਆ ਹੈ, ਵਿਗਿਆਨੀਆਂ ਨੇ ਵੀ ਇਸ ਸੰਬੰਧੀ ਕਈ ਸਿਧਾਂਤ ਖੋਜ ਲਏ ਹਨ। ਜੀਵ-ਜੰਤੂਆਂ ਦੀ ਲੜੀ ਵਿਚ ਮਨੁਖ ਹੀ ਇਕ ਅਜਿਹਾ ਜੀਵ ਹੈ ਜੋ 'ਹੋਏ', 'ਹੋ ਰਹੇ' ਅਤੇ 'ਹੋਣ ਵਾਲੇ' ਪ੍ਰਤੀ ਚੇਤੰਨਤਾ ਰੱਖਦਾ ਹੈ। ਜੀਵ-ਵਿਗਿਆਨੀਆਂ ਨੇ ਜੀਊਣ ਨੂੰ ਇਕ ਕੁਦਰਤੀ ਪ੍ਰਕਿਰਿਆ ਦੱਸਿਆ ਹੈ, ਜੋ ਕੁਦਰਤ ਵਲੋਂ ਜੀਵਾਂ ਨੂੰ ਮਿਲੀ ਸ਼ਕਤੀ—ਸਮਰੱਥਾ ਨੂੰ, ਆਪਣੇ ਜੀਊਣ ਦੇ ਹਾਲਾਤ ਨੂੰ ਸਾਜ਼ਗਾਰ ਬਨਾਉਣ ਅਤੇ ਜੀਊਣ ਦੇ ਰਾਹ ਵਿਚ ਆਉਣ ਵਾਲੀਆਂ ਰੋਕਾਂ ਅਤੇ ਦੁਸ਼ਵਾਰੀਆਂ ਨੂੰ ਹਟਾਉਣ ਲਈ ਸਹਿਜ ਪ੍ਰਯੋਗ ਵਿਚ ਲਿਆਉਣ ਦੇ ਕਾਰਨ ਵਾਪਰਦੀ ਹੈ। ਜੀਊਣਾ ਇਕ ਰੱਬੀ ਨਦਰਿ-ਕਰਮ ਹੈ, ਕੋਈ ਇਸ ਦਾ ਅਹਿਸਾਸ ਰੱਖਦਾ ਹੋਵੇ ਜਾਂ ਨਾਹ । ਵਿਸ਼ਵਾਸੀ-ਵਿਆਖਿਆ, ਜੀਊਣ ਦੀ ਪ੍ਰਕਿਰਿਆ ਦੇ ਕਾਰਨਾਂ ਅਤੇ ਪ੍ਰਭਾਵਾਂ ਦੇ ਵੇਰਵਿਆਂ ਵਿਚ ਨਹੀਂ ਪੈਂਦੀ। ਵਿਸ਼ਲੇਸ਼ਣਾਤਮਕ ਅਤੇ ਵਿਗਿਆਨਕ ਵਿਆਖਿਆਵਾਂ, ਇਸ ਜੀਊਣ ਪ੍ਰਕਿਰਿਆ ਦੀਆਂ, ਕੁਦਰਤ ਵਲੋਂ ਹੀ ਉਤਪੰਨ ਕੀਤੀਆ ਸੰਭਾਵਨਾਵਾਂ ਅਤੇ ਔਖਿਆਈਆਂ ਦੇ ਪ੍ਰਸਪਰ ਖਿਚਾਅ, ਮੁਕਾਬਲੇ ਅਤੇ ਸਮਾਯੋਜਮ ਦੇ ਵੇਰਵਿਆਂ ਦਾ ਵਿਸਤ੍ਰਿਤ ਅਧਿਐਨ ਕਰਦੀਆ ਹਨ। ਅਧਿਆਤਮਕ ਅਤੇ ਵਿਗਿਆਨਕ, ਦੋਹਾਂ ਤਰ੍ਹਾਂ ਦੀਆਂ ਖੋਜਾਂ ਦੇ ਅਨੁਭਵਾਂ ਦਾ ਅਲੌਕਿਕ ਜਿਹਾ ਸੰਜੋਗ ਗੁਰਬਾਣੀ ਵਿਚ ਮਿਲਦਾ ਹੈ। ਜਪੁਜੀ ਸਾਹਿਬ ਵਿਚ 'ਜਿਤੁ ਹੋਆ ਆਕਾਰੁ' ਦੀ ਥਿਤ, ਵਾਰ, ਰੁਤੀ, ਮਾਹ, ਵੇਲਾ ਲੱਭਣ ਤੇ ਖੋਜਣ ਦੇ ਉਪਰਾਲਿਆਂ ਅਤੇ ਵਿਲਕਣੀਆਂ ਦਾ ਵਰਨਣ ਹੈ। 'ਆਪੇ ਜਾਣੈ ਸੋਈ' ਦਾ ਨਿਰਣਾ ਦੇ ਕੇ ਅੰਤਿਮ ਗੱਲ ਕਹਿ ਦਿਤੀ ਗਈ ਹੈ। ਇਸ ਤਰ੍ਹਾਂ ਗੁਰਬਾਣੀ ਦੀ ਪ੍ਰੇਰਨਾ, ਮਨੁੱਖੀ ਚੇਤਨਾ ਨੂੰ ਸੁਆਉਣ ਵਾਲੀ ਨਹੀਂ ਹੈ, ਜਗਾਉਣ ਵਾਲੀ ਹੈ। ਖੋਜ ਤੇ ਚਿੰਤਨ ਦੀ ਗਤੀਸ਼ੀਲ ਪ੍ਰਕਿਰਿਆ ਵਿਚ ਲੱਗੇ ਰਹਿਣ ਅਤੇ ਵਧ ਤੋਂ ਵਧ ਲੱਭਤਾਂ ਦਾ ਅਨੁਭਵ ਹਾਸਲ ਕਰ ਲੈਣ ਦੀਆਂ ਅਸੰਖਾਂ ਹੀ ਸੰਭਾਵਨਾਵਾਂ ਮੌਜੂਦ ਹਨ, ਕਿਉਂਕਿ ਪਸਾਰਾ ਬੜਾ ਬੇਅੰਤ ਹੈ, ਤੱਤਾਂ ਦੀ ਸੂਖਮਤਾ ਅਤੇ ਸਥੂਲਤਾ ਦੇ ਅਸੰਖਾਂ ਹੀ ਸੰਜੋਗ-ਪੈਟਰਨ ਕੁਦਰਤ ਵਿਚ ਮੌਜੂਦ ਹਨ, ਇਨ੍ਹਾਂ ਨੂੰ ਲੱਭ ਕੇ ਵਿਗਿਆਨ ਤੇ ਗਿਆਨ ਦੀ ਉੱਨਤੀ ਕਰ ਲੈਣੀ ਮਨੁੱਖਤਾ ਦੀ ਵੱਡੀ ਸੇਵਾ ਹੈ, ਪਰ ਨਾਲ ਨਾਲ ਗੁਰਬਾਣੀ ਵਿਚ ਦਰਸਾਏ ਸੱਚ ਨਾਲ ਭਰੋਸਗੀ ਨਾਤਾ ਜੋੜ ਕੇ ਵਿਚਾਰ ਰਿਹਾ ਸਿਖ, ਆਪਣੇ ਜੀਊਣ ਦਾ ਕਾਰਨ ਨਹੀਂ ਬਦਲਦਾ। ਸਿੱਖ ਦੇ ਜੀਊਣ ਦੀ ਵਡਿਆਈ ਏਸ ਤੀਬਰ ਚਿੰਤਨ ਸਦਕਾ ਹੈ ਕਿ ਇਸ ਜੀਵਨ ਦਾ ਕੋਈ ਮੁਲ ਹੀ ਨਹੀਂ ਪਾਇਆ ਜਾ ਸਕਦਾ।

ਜਿਸ ਪ੍ਰਭੂ ਨੇ 'ਜੀਅ ਦਾਨ' ਦਿੱਤਾ ਹੈ, ਉਸਦਾ ਕੋਟਾਨ ਕੋਟ ਸ਼ੁਕਰ ਕਰਨਾ ਬਣਦਾ ਹੈ। ਇਹ ਜੀਵਨ ਇਕੋ ਇਕ ਸੁਨਹਿਰਾ ਅਵਸਰ ਹੈ ਜਿਸ ਵਿਚ ਆਤਮਕਤਾ ਦੇ ਮੂਲ ਅਤੇ ਕੇਂਦਰ ਨਾਲ ਜੁੜ ਕੇ ਕਾਇਨਾਤੀ-ਵਿਸ਼ਾਲਤਾ ਦੇ ਸਜਾਤੀ ਅਨੁਭਵ ਦਾ ਸਕ੍ਰਿਆ ਭਾਗ ਬਣਿਆ ਜਾ ਸਕਦੈ । 'ਜਾਗਤ ਜੋਤਿ ਜਪੈ ਨਿਸ ਬਾਸੁਰ' ਦਾ ਨਿਤਨੇਮ ਸਿੱਖ ਜੀਵਨ ਦੇ ਸਿਲੇਬਸ ਦਾ ਜ਼ਰੂਰੀ ਹਿੱਸਾ ਹੈ। ਸਿੱਖ ਦਾ ਸਤਿਗੁਰੂ ਜਾਗਦਾ ਹੈ, ਸਿੱਖ ਦਾ ਪ੍ਰਭੂ ਵੀ ਜਾਗਦਾ ਹੈ ਤੇ ਏਸੇ ਸਦਕਾ ਸਿੱਖ ਵੀ ਜਾਗਦਾ ਹੈ, ਕਿਉਂਕਿ ਉਸ ਦੀ ਰੂਹ, ਗੁਰੂ-ਚਿੰਤਨ ਵਿਚ ਗਡੀ ਹੋਈ ਹੁੰਦੀ ਹੈ, ਗੁਰੂ ਸ਼ਖ਼ਸੀਅਤ ਦੇ ਗੁਣ ਅਤੇ ਵਡਿਆਈਆਂ, ਸੱਚੜੇ ਸਿੱਖ ਦੇ ਚਰਿੱਤਰ ਵਿਚੋਂ ਝਲਕਦੀਆਂ ਹਨ। 'ਗੁਰੁ ਮੇਰੈ ਸੰਗਿ ਸਦਾ ਹੈ ਨਾਲੇ' ਦਾ ਵਾਕਬੋਧ ਅਸੀਂ ਇਸੇ ਚੋਂ ਹੀ ਲੱਭਣਾ ਹੈ। ਸ਼ੰਕਾ ਉਤਪੰਨ ਹੋ ਸਕਦਾ ਹੈ ਕਿ ਸਿੱਖ ਵੀ ਇਕ ਆਮ ਮਨੁੱਖ ਵਰਗਾ ਹੁੰਦਾ ਹੈ, ਫੇਰ ਉਸ ਵਿਚ 'ਗੁਰੂ ਚਿੰਤਨ', 'ਸਜਾਤੀ ਅਨੁਭਵ', 'ਸਿਮਰਨ ਸ਼ਕਤੀ' 'ਰੂਹਾਨੀ ਫੁਰਤੀ' ਇਹ ਸਭ ਗੁਣ ਕਿਵੇਂ ਆ ਜਾਂਦੇ ਹਨ ਤੇ ਜੀਵਨ ਭਰ ਇਸ ਆਤਮ-ਉਤਸ਼ਾਹ ਨੂੰ ਕਿਵੇਂ ਬਣਾਈ ਰਖਿਆ ਜਾ ਸਕਦਾ ਹੈ ? ਆਲਸ, ਐਬ, ਆਕਰਸ਼ਨ ਅਤੇ ਅਕਲ ਦੇ ਕਾਰਨ, ਇਸ ਵਿਗਾਸੀ ਰਾਹ ਤੋਂ ਥਿੜਕਣੋਂ, ਸਿੱਖ ਕਿਵੇਂ ਬਚਿਆ ਰਹਿ ਸਕਦਾ ਹੈ ?



www.AKJ.Org

ਇਸ ਸ਼ੰਕੇ ਦਾ ਉੱਤਰ ਸਿੱਖ ਜੀਵਨ ਵਿਚਲੇ ਉਸ ਉਦਮਸ਼ੀਲਤਾ ਤੇ ਮਨ-ਬਚ-ਕਰਮ ਦੀ ਇਕਾਗਰਤਾ ਚੋਂ ਮਿਲ ਜਾਂਦਾ ਹੈ, ਜੋ ਸੰਗਤ-ਪੰਗਤ, ਗੁਰਬਾਣੀ-ਸਿਮਰਨ ਅਤੇ ਗੁਰ-ਇਤਿਹਾਸ ਨਾਲ ਜੁੜਨ ਲਈ ਦਮਾ-ਦਮ ਹੁੰਦੀ ਰਹਿੰਦੀ ਹੈ। ਸਿੱਖ ਨੂੰ ਗੁਰੂ ਕੋਲੋਂ ਉਹ 'ਚੀਜ਼' ਹਾਸਲ ਹੋਈ ਹੈ, ਜੋ ਜੀਵਨ ਵਿਚਲੀ ਨਿਰਾਸ਼ਤਾ, ਉਪਰਾਮਤਾ, ਢਹਿੰਦੀ ਕਲਾ ਅਤੇ ਅਲਹਿਦਗੀ ਨੂੰ ਜਿੱਤ ਕੇ, ਹਰ ਛਿਨ, ਹਰ ਪਲ 'ਸਤਿ ਸੁਹਾਣੁ ਸਦਾ ਮਨਿ ਚਾਉ' ਦੇ ਆਤਮਕ ਮੰਡਲ ਵਿਚ ਲਿਜਾਂਦੀ ਹੈ। ਇਹ 'ਚੀਜ਼' ਕੀ ਹੈ ? ਇਹ ਵਸਤੂ 'ਨਾਮੁ' ਹੈ। ਇਹ ਕਾਇਨਾਤੀ-ਵਿਸ਼ਾਲਤਾ ਦੇ ਅਨੁਭਵ ਨਾਲ ਜੁੜਿਆ ਦਮਾ-ਦਮ ਸਿਮਰਨ ਹੈ, ਜੋ ਸਿੱਖ ਦੇ ਵਿਅਕਤੀਤਵ ਵਿਚ ਸਿਰਜਣਾਤਮਕ ਸ਼ਕਤੀਆਂ ਉਪਜਾਂਦ- ਹੈ। ਧਰਤੀ ਉੱਤੇ ਵਸਦਾ ਸਿੱਖ, ਜਿਥੇ ਸਮਾਜ ਵਿਚ ਬਹੁਤਾ ਉਤਪਾਦਨ; ਬਹੁਤਾ ਕੰਮ, ਬਹੁਤ ਵਧੀਆ ਉਸਾਰੀ, ਬਹੁਤ ਚੰਗਾ ਖਾਣ ਪਾਣ, ਬਹੁਤ ਉਤਸ਼ਾਹ ਤੇ ਬਹੁਤ ਰੱਜਵਾਂ ਰਹਿਣ ਸਹਿਣ ਸੱਚੇ ਢੰਗਾਂ ਰਾਹੀਂ ਸੰਭਵ ਬਣਾਉਂਦਾ ਹੈ, ਉਥੇ ਆਪਣੇ ਨਿਜ ਨੂੰ ਗੁਰੂ ਕੀ ਸੰਗਤ ਨਾਲ ਜੋੜ ਕੇ, ਉਸ ਵਿਚ ਗੁਰੂ-ਚਿੰਤਨ ਦੇ ਵਿਗਾਸ ਲਈ ਯੋਗਦਾਨ ਵੀ ਪਾਉਂਦਾ ਹੈ ਅਤੇ ਬਹੁਤੇਰਾ ਗੁਰੂ-ਚਿੰਤਨ ਪ੍ਰਾਪਤ ਕਰਕੇ ਆਪਣੇ ਆਪੇ ਨੂੰ ਵੀ ਉੱਨਤ ਕਰਦਾ ਹੈ। ਇਹ ਸਭ 'ਨਾਮ' ਦੀ ਮਹਿਮਾ ਹੈ। ਇਹ ਜਾਦੂ ਨਹੀਂ, ਛੂਹ ਮੰਤਰ ਨਹੀਂ, ਤੰਤਰ ਮੰਤਰ ਨਹੀਂ, ਸਵਾਹ ਦੀ ਪੁੜੀ ਵਿਚ ਨਹੀਂ, ਕੰਨ ਵਿਚ ਮਾਰੀ ਫੂਕ ਨਹੀਂ, ਬੰਦ ਹਨੇਰੇ ਕਮਰੇ ਵਿਚ ਵੜ ਕੇ ਅੱਖਾਂ, ਨੱਕ, ਕੰਨ, ਮੂੰਹ ਆਦਿ ਬੰਦ ਕਰ ਕੇ ਦਿੱਤੀ ਗਈ ਭਰਮਾਹਟ ਨਹੀਂ, ਨਾਮ ਦੀ ਕਲਾ ਤਾਂ ਸੰਗਤੀ ਵਸਤੂ ਹੈ, ਜੋ ਗੁਰਬਾਣੀ ਦੀ ਬਿਧ ਰਾਹੀਂ ਪ੍ਰਾਪਤ ਹੁੰਦੀ ਹੈ। ਇਹੋ ਹੀ ਸਿੱਖ ਦੇ ਜੀਵਨ ਦਾ ਸਬੱਬ ਹੈ, ਆਸਰਾ ਹੈ, ਕਾਰਨ ਹੈ। ਸਿੱਖ ਦੇ ਜੀਊਣ ਦਾ ਕਾਰਨ ਨਹੀਂ ਬਦਲਦਾ, ਕਿਉਂਕਿ ਉਹ ਇਨ੍ਹਾਂ ਤੱਥਾਂ ਦਾ ਵਿਸ਼ਵਾਸੀ, ਜੀਵਨ ਭਰ ਹੀ ਬਣਿਆ ਰਹਿੰਦਾ ਹੈ :

—ਜਲਿ ਜਾਉ ਜੀਵਨੁ ਨਾਮ ਬਿਨਾ ॥੧॥ਰਹਾਉ॥੧੭॥ (ਪ੍ਰਭਾਤੀ ਮ: ੧, ੧੩੩੨)
—ਅੰਮ੍ਰਿਤ ਨਾਮੁ ਪਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ ॥੨॥੨੭॥ (ਸੋਰਠਿ ਮ: ੫, ੬੧੬)
—ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ ॥੧॥੫੧॥ (ਧਨਾਸਰੀ ਮ: ੫, ੬੮੩)
—ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥੧॥੨॥ (ਟੋਡੀ ਮ: ੫, ੭੧੨)
—ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥ ਨਾਮ ਬਿਹੂਨ ਜੀਵਨ ਕਉਨ ਕਾਮ ॥੧॥ਰਹਾਉ॥
(ਗਉੜੀ ਮ: ੫, ੧੮੮)

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ਰਹਾਉ॥(ਸਿਰੀਰਾਗੁ ਮ: ੧ ਘਰੁ ੧, ੫੪)

ਅਸਲ ਵਿਚ ਗੁਰਬਾਣੀ ਹੀ ਸਿੱਖ ਦੇ ਜੀਵਨ ਦਾ ਕਾਰਨ ਹੈ ਤੇ ਗੁਰਬਾਣੀ ਹੀ ਸਿੱਖ ਦੇ ਜੀਵਨ ਦਾ ਪ੍ਰਭਾਵ ਹੈ। ਕਰਮ-ਕਾਂਡੀ ਤੌਰ ਤੇ ਨਹੀਂ, ਕੇਵਲ ਮਸਤਕ ਨਿਵਾਉਣ ਨਾਲ ਨਹੀਂ, ਕੇਵਲ ਪਾਠ ਕਰਾਉਣ ਨਾਲ ਨਹੀਂ, ਸਿੱਖ ਤਾਂ ਆਪ ਗੁਰਬਾਣੀ ਨੂੰ ਪੜ੍ਹ, ਸੁਣ, ਸਮਝ ਕੇ, ਉਸ ਦੇ ਅਰਥ-ਬੋਧ ਅਤੇ ਅਨੁਭਵ ਤੋਂ ਵੀ ਅਗਾਂਹ ਜਾ ਕੇ ਮੰਨੈ ਦੀ ਪਦਵੀ ਤਕ ਪਹੁੰਚਣ ਲਈ ਉਤਾਵਲਾ ਰਹੇ, ਤਾਂ ਹੀ ਕਿਹਾ ਜਾ ਸਕਦਾ ਹੈ ਕਿ ਸਿੱਖ ਜੀਊਂਦਾ ਹੈ। ਸਿੱਖ ਤਾਂ ਗੁਰਬਾਣੀ ਤੋਂ ਬਿਨਾਂ, ਨਾਮ ਤੋਂ ਬਿਨਾਂ ਮਰ ਮਰ ਜਾਵੇ, ਉਸ ਦਾ ਹਿਰਦਾ ਤੜਪੇ, ਤਾਂ ਉਹ ਸੱਚੜਾ ਸਿੱਖ ਹੈ, ਉਹ ਚਾਤ੍ਰਿਕ ਦੀ ਤਰ੍ਹਾਂ ਬਿਲਪ ਕਰੇ। ਅਤੇ ਜੇ ਸਿੱਖ ਕੇਵਲ ਜਨਮ ਕਰਕੇ ਹੀ ਹੈ, ਸ਼ਕਲ ਕਰਕੇ ਹੀ ਹੈ, ਗੁਰਬਾਣੀ ਨੂੰ ਉਸ ਨੇ ਜੀਵਨ ਦਾ ਆਧਾਰ ਨਹੀਂ ਬਣਾਇਆ ਤਾਂ ਉਸ ਵਿਚੋਂ ਦੁਨੀਆ ਵਾਲਿਆਂ ਨੂੰ ਕੋਈ ਸਿੱਖ-ਚਰਿੱਤਰ ਪ੍ਰਗਟ ਹੁੰਦਾ ਓਨਾ ਕੁ ਹੀ ਦਿਸੇਗਾ, ਜਿੰਨਾ ਕੁ ਉਹ ਗੁਰੂ-ਚਿੰਤਨ ਦਾ ਭਾਗੀ ਹੈ। ਬਾਕੀ ਦਾ ਉਹ ਸਧਾਰਨ ਤੁਰੇ ਫਿਰਦੇ ਮਨੁੱਖਾਂ ਵਾਂਗ ਹੀ ਦਿਨ-ਕਟੀ ਕਰਦਾ ਹੋਵੇਗਾ।

'ਏਕੇ ਵਿਚ ਬਲ ਹੈ' (*Union is strength*) ਦਾ ਸਿਧਾਂਤ ਸੱਚਾ ਹੈ। ਏਸੇ ਲਈ ਇਕਾਗਰਤਾ ਅਤੇ ਸੰਗਤੀ ਸੰਗਠਨ ਦਾ ਪੈਗਾਮ ਸਿੱਖ ਜੀਵਨ-ਜਾਚ ਚੋਂ ਮਿਲਦਾ ਹੈ, ਪਰ ਧਿਆਨ ਰੱਖਣ ਵਾਲੀ ਗੱਲ ਇਹ ਹੈ


www.AKJ.Org

ਕਿ ਸਿੱਖ ਦੀ ਇਕਾਗਰਤਾ ਸੱਚ ਉੱਤੇ ਹੈ, ਸੰਗਤ ਦਾ ਏਕਾ ਵੀ ਸੱਚ ਉੱਤੇ ਹੈ ਤੇ ਏਸ ਸਦਕਾ ਸੱਚਾ ਬਲ ਉਤਪੰਨ ਹੁੰਦਾ ਹੈ। ਝੂਠ ਉੱਤੇ ਕੀਤੀ ਇਕਾਗਰਤਾ ਅਤੇ ਝੂਠੇ ਵਿਸ਼ਿਆਂ ਉੱਤੇ ਕੀਤਾ ਏਕਾ, ਝੂਠੀ ਸ਼ਕਤੀ ਪੈਦਾ ਕਰਦਾ ਹੈ, ਜੋ ਆਧੁਨਿਕ ਸਮੇਂ ਦੀ ਤ੍ਰਾਸਦੀ ਦਸ਼ਾ ਹੈ। ਸਿੱਖ ਅਜਿਹੀ ਝੂਠੀ ਏਕਤਾ ਦਾ ਵਿਰੋਧ ਕਰਦਾ ਹੈ ਜਾਂ ਉਸ ਨੂੰ ਸੱਚ ਵਿਚ ਬਦਲਣ ਲਈ ਸੰਘਰਸ਼ ਕਰਦਾ ਹੈ।

ਸਿੱਖ ਜੀਵਨ-ਜਾਚ ਦੀ ਵਿਲੱਖਣਤਾ ਇਸ ਗੱਲ ਵਿਚ ਵੀ ਹੈ ਕਿ ਇਸ ਨੂੰ ਧਾਰਨ ਕਰਨ ਵਾਲੇ ਸਿੱਖ ਦੇ ਵਿਅਕਤੀਤਵ ਦੇ ਲੱਛਣ ਵੀ ਦਰਸਾਏ ਗਏ ਹਨ ਅਤੇ ਇਸ ਜੀਵਨ-ਜਾਚ ਨੂੰ ਨਾ ਅਪਨਾਉਣ ਵਾਲੇ ਦੇ ਕੋਝੇ ਜੀਵਨ ਉੱਤੇ ਵੀ ਫ਼ਲੈਸ਼ ਮਾਰੀ ਗਈ ਹੈ। ਸਿੱਖ ਦੇ ਸਾਹਮਣੇ ਦੋ ਸਪੱਸ਼ਟ ਰਾਹ ਹਨ :

ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥੨੨॥

(ਆਸਾ ਕੀ ਵਾਰ, ਮ: ੨—੪੭੪)

ਭਾਵ, ਹੇ ਸਿੱਖ, ਜੇ ਤੂੰ ਕੂੜ ਦਾ ਜੀਵਨ ਜੀਵੇਂਗਾ, ਤੈਨੂੰ ਕੂੜ ਦੇ ਸੁਖ ਮਿਲਣਣੇ, ਕੂੜ ਦੇ ਰਸ ਪ੍ਰਾਪਤ ਹੋਣਗੇ, ਪਰ ਦੂਜੇ ਪਾਸੇ ਜੇ 'ਸਿਫਤਿ' ਦੇ ਰਾਹ ਉੱਤੇ ਤੁਰੇਂਗਾ ਤਾਂ ਵਿਗਾਸ ਦੇ ਫਲ ਪ੍ਰਾਪਤ ਕਰੇਂਗਾ, ਉੱਨਤ ਵੀ ਹੋਵੇਂਗਾ, ਸੱਚੇ ਸੁਖ ਮਾਣੇਂਗਾ, ਖਿੜੇਂਗਾ ਤੇ ਜੀਵਨ ਨੂੰ ਸਹੀ ਅਰਥਾਂ ਵਿਚ ਜੀਵੇਂਗਾ।

ਸਤਿਗੁਰੂ ਦੀ ਸਿੱਖ ਉੱਤੇ ਹਮੇਸ਼ਾ ਨਦਰਿ ਹੈ, ਉਹ ਸਦਾ ਹੀ ਲੱਖ ਖ਼ੁਸ਼ੀਆਂ ਬਖ਼ਸ਼ਦੇ ਹਨ, ਜੇ ਸਿੱਖ ਨਾਮ ਦੇ ਰਾਹ ਤੇ ਤੁਰ ਪਵੇ :

ਜੀਵਉ ਨਾਮੁ ਸੁਨੀ ॥
ਜਉ ਸੁਪ੍ਰਸੰਨ ਭਏ ਗੁਰ ਪੂਰੇ ਪਬ ਮੇਰੀ ਆਸ ਪੁਨੀ ॥੧॥ਰਹਾਉ॥੧੨੭॥

(ਬਿਲਾਵਲੁ ਮ: ੫, ੮੨੯)

ਇਹ ਜੀਵਨ-ਜਾਚ, ਸਰਬ ਸੰਸਾਰ ਦੀ ਦੌਲਤ ਹੈ, ਸਾਰੇ ਮਨੁੱਖਾਂ ਦੀ ਇਹ ਨਿਧਿ ਹੈ, ਇਹ ਸਰਬੱਤ ਦੀ ਭਲਾਈ ਦੀ ਬਿਧਿ ਹੈ, ਧਰਤੀ ਤੇ ਵਸਦੇ ਪ੍ਰਾਣੀ ਇਸ ਦੇ ਸਾਂਝੀਵਾਲ ਹਨ। ਸੁਖਾਂ ਦਾ ਇਹ ਸੋਮਾ ਸਿੱਖ ਸਮਾਜ ਦੇ ਕੋਲ ਹੈ। ਸਿੱਖ ਪਰਵਾਰਾਂ, ਸਿੱਖ ਸੰਸਥਾਵਾਂ ਤੇ ਸਿੱਖ ਸੰਗਤਾਂ ਦਾ ਇਹ ਰੂਹਾਨੀ ਕਰਤੱਵ ਬਣਦਾ ਹੈ ਕਿ ਉਹ ਇਸ ਜੀਵਨ-ਜਾਚ ਨੂੰ ਆਪਣੇ ਜੀਵਨਾਂ ਰਾਹੀਂ ਅਤੇ ਹੋਰਨਾਂ ਢੰਗਾਂ ਰਾਹੀਂ ਸੰਸਾਰ ਸਾਹਮਣੇ ਪੇਸ਼ ਕਰਨ, ਤਾਕਿ ਸ੍ਰਿਸ਼ਟੀ ਦਾ ਮਨੁੱਖ, ਪੂਰਨ ਗੁਰੂ ਦੀ ਪੂਰੀ ਸਿਖਿਆ ਦਾ ਅਨੰਦ ਮਾਣ ਲਵੇ।

---


## ਭਾਈ ਸਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ | ੧੬-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਅੰਮ੍ਰਿਤ ਕੀ ਹੈ ? ੩-੦੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ ੨-੫੦ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |




www.AKJ.Org

# ਕਰਿ ਸੰਭਲ ਸੰਭਾਲੀ

[ਸ: ਅਤਰ ਸਿੰਘ 'ਨੀਰ', 95, ਸ਼ੀਤਲ ਅਪਾਰਟਮੰਟ, ਸੈਕਟਰ-14, ਰੋਹਣੀ, ਦਿਲੀ—85]

ਦਸਮ ਗੁਰੂ ਨੇ ਖਾਲਸਾ ! ਬਹੁੰ ਕਰਮ ਕਮਾਇਆ।
ਵਰਣ-ਜਾਤਿ ਤੋਂ ਕੱਢ ਕੇ, ਤੈਨੂੰ ਇਕ ਬਣਾਇਆ।
ਰੂਪ ਬਖਸ਼ ਕੇ ਆਪਣਾ, ਭਿੰਨ-ਭੇਦ ਮਿਟਾਇਆ।
ਚੇਲਾ ਗੁਰੂ ਹੈ ਇਕ ਰੂਪ, ਨੁਕਤਾ ਸਮਝਾਇਆ।
ਸਿਖ ਗੁਰੂ ਦੀ ਰਹਿਤ ਬਹਿਤ, ਵਿਚ ਫਰਕ ਨ ਭੋਰਾ।
ਕਥਨੀ ਕਹਿਣੀ ਇਕ-ਸਮਾਨ, ਸਭ ਚਹਰਾ ਮੋਹਰਾ।

ਡੰਕਾ ਤੇਰੀ ਹੋਂਦ ਦਾ, ਵਿਚ ਦੁਨੀਆ ਸਾਰੀ।
ਅਬਦਾਲੀ ਨਾਦਰ ਵੇਖ ਗਏ, ਸਭਿ ਵਾਰੋ ਵਾਰੀ।
ਅਟਕੋਂ ਪਾਰ ਕਟੋਚੀਏ, ਪਠਾਣ ਕੰਧਾਰੀ;
ਮਿਡਲ-ਈਸਟ ਅਫਰੀਕਾ ਦੀ ਧਰਤੀ ਖਾਰੀ;
ਖੇਮਕਰਨ ਤੇ ਸਿਆਲਕੋਟ ਚਿ ਪੈਂਟਨ ਟੈਂਕਾਂ;
ਹਾਜੀ ਪੀਰ ਕਾਰਗਿਲ ਦੇ ਪਾਕੀ ਨੈਕਾਂ;

ਦੇਗਾਂ, ਲੋਹਾਂ ਸੜਦੀਆਂ ਤੇ ਬਲਦੀਆਂ ਭੱਠਾਂ;
ਲਥੇ ਖੋਪਰ ਖਲੜੀਆਂ, ਦੇ ਢੇਰ ਇਕੱਠਾਂ;
ਫਾਸੀਆਂ, ਚਰਖੀਆਂ, ਆਰੀਆਂ, ਦੀਆਂ ਤਿਖੀਆਂ ਨੱਠਾਂ,
ਜੇਲ੍ਹਾਂ, ਚਕੀਆਂ ਬੇੜੀਆਂ, ਡਾਂਗਾ ਤੇ ਲੱਠਾਂ;
ਰੰਬੀਆਂ, ਛਵ੍ਹੀਆਂ, ਜੰਬੂਰੀਆਂ, ਵੀ ਰੁਕ ਕੇ ਕਹਿਆ :
ਜਗ ਤੇ ਨਿਆਰਾ ਖਾਲਸਾ ! ਤੇਰਾ ਅੰਤ ਨ ਲਇਆ।

ਤੂ ਉਚਾ ਬਲਵਾਨ ਬੀਰ, ਤੈਥੋਂ ਕੁਰਬਾਨੇ।
ਸ਼ੇਰ ਦਲੇਰ ਨ ਤੈਂ ਜਿਹਾ, ਕੋਈ ਵਿਚ ਜਹਾਨੇ।
ਸੁਚੀ ਤੇਰੀ ਆਤਮਾ, ਹਨ ਉਚ ਨਿਸ਼ਾਨੇ।
ਪੁਖ਼ਤਾ ਵਾਂਗ ਪਹਾੜ ਦੇ, ਖੁਲ੍ਹਾ ਅਸਮਾਨੇ।
ਚਮਕ ਰਹੇ ਨੇ ਜਿਸ ਤਰ੍ਹਾਂ, ਅੰਬਰ ਤੇ ਤਾਰੇ,
ਰੂਪ ਤੇਰੇ ਦੇ ਇਸ ਤਰ੍ਹਾਂ, ਹਰ ਥਾਂ ਲਿਸ਼ਕਾਰੇ।

ਐਪਰ ਡਿਗਦਾ ਜਾ ਰਿਹਾ, ਤੂ ਬੇਮਲੂਮਾ।
ਮਿੱਠਾ ਮਹਰਾ ਖਾ ਰਿਹਾ, ਤੂ ਬੇਮਲੂਮਾ।
ਫਾਹੀਆਂ ਆਪਣੇ ਪਾ ਰਿਹਾ, ਤੂ ਬੇਮਲੂਮਾ।
ਡੁਬਦਾ ਗੁੰਮਦਾ ਜਾ ਰਿਹਾ, ਤੂ ਬੇਮਲੂਮਾ।
ਪਗੜੀ ਅਪਣੇਂ ਵੇਖ ਤੂ, ਸੰਭਾਲ ਜੁਆਨਾ !
ਸੋਚ ਸਮਝ ਵਿਚਾਰ ਕਰ, ਤੂ ਖ਼ਿਆਲ ਜੁਆਨਾ !

ਸਾਬਤ ਸੂਰਤ ਨਾਲ ਹੈ, ਤੇਰਾ ਮਾਣ ਉਚੇਰਾ।
ਸੂਰਮਗਤੀ, ਵਰਿਆਮਗੀ ਤੇ ਨਿਰਭੈ ਜੇਰਾ।
ਚਮਕੇ ਤਰੀ ਦਸਤਾਰ ਤੋਂ ਉਹ ਚਿਤਰ ਚੰਗੇਰਾ,
ਕੇਸਗੜ੍ਹ ਜੋ ਸਿਰਜਿਆ, ਕਲਗੀਧਰ ਤੇਰਾ।
ਅੰਮ੍ਰਿਤ ਬਖ਼ਸ਼ ਕੇ ਕਰ ਦਿਤਾ, ਉਜਾਗਰ ਸਾਰੇ।
ਸਿਖ ਤੇ ਗੁਰੂ ਇਕ-ਰੂਪ ਦੁਨੀਆ ਤੋਂ ਨਿਆਰੇ।

ਹਮਲੇ ਹੋ ਰਹੇ ਹਰ ਤਰਫ਼, ਤੇਰੇ ਤੇ ਭਾਰੀ।
ਸਾਬਤ ਸੂਰਤ ਲਗਦੀ, ਤੇਰੀ, ਵਾਂਗ ਕਟਾਰੀ।
ਤੇਰਾ ਰੂਪ ਮਿਟਾਣ ਲਈ ਹੁੰਦੀ ਹਰ ਕਾਰੀ।
ਵਢੀ ਟੁਕ੍ਰੀ ਜਾ ਰਹੀ, ਤੇਰੀ ਫੁਲਵਾੜੀ।
ਬਖਸ਼ੀ ਜੋ ਦਸਮੇਸ਼ 'ਨੀਰ', ਆਭਾ ਤੇ ਲਾਲੀ।
ਪਗੜੀ ਦਿਆ ਮਾਲਕਾ, ਕਰਿ ਸੰਭਲ ਸੰਭਾਲੀ।

---


## ਜੀਵਨ ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧. ਪੁਸਤਕ ਵਿਚ ਭਾਈ ਸਾਹਿਬ ਦਾ ਪੂਰਾ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੀ ਵਿਥਿਆ ਹੈ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦਾ ਜਤਨ ਹੈ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਪੁਸਤਕ ਦਾ ਸ਼ਿੰਗਾਰ ਹਨ।
੪. ਅੰਤ ਵਿਚ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਅਲੱਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਭੇਟਾ ਦਸ ਰੁਪਏ

**ਸ੍ਰੀ ਭਗਉਤੀ ਪ੍ਰਬੋਧ**—ਭਗਉਤੀ ਅਤੇ ਚੰਡੀ ਬਾਰੇ ਪਾਏ ਜਾ ਰਹੇ ਅਨੇਕਾਂ ਭੁਲੇਖਿਆਂ ਨੂੰ ਗੁਰਮਤਿ ਦੀ ਸੇਧ ਵਿਚ ਨੌਂ ਲੇਖਾਂ ਰਾਹੀਂ ਸਪੱਸ਼ਟ ਕੀਤਾ ਗਿਆ ਹੈ। ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ। ਭੇਟਾ ਦੋ ਰੁਪਏ




www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਧਿਆਨ ਸਿੰਘ ਜਬਲਪੁਰ | ੧੩੦੦-੦੦ | ਭਾ: ਬਲਵਿੰਦਰ ਸਿੰਘ ਬਟਾਲਾ | ੧੧੦੦-੦੫ |
| ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ | ਭਾ: ਦਰਸ਼ਨ ਸਿੰਘ ਮੂਲੀਆਂਵਾਲ | ੫੦-੦੦ |
| ਸ: ਹਰਿੰਦਰ ਸਿੰਘ ਗਿਲ ਮਿਲਟਨ ਯੂ.ਕੇ. | ੨੦੦੦-੦੦ | ਭਾ: ਪਰਦੰਮਨ ਸਿੰਘ ਜਲੰਧਰ | ੧੦੦-੦੦ |
| ਸ: ਬਰਿੰਦਰ ਸਿੰਘ ਗਿਲ ਇਲਫੋਰਡ ,, | ੨੦੦੦-੦੦ | ਅਖੰਡ ਕੀਰਤਨੀ ਜਥਾ ਜਬਲਪੁਰ (ਚੜ੍ਹਾਵਾ) | ੫੭੫-੦੦੦ |
| ਸ: ਸੁਖਪਾਲ ਸਿੰਘ ੯੯ *A.P.O.* | ੧੦੦-੦੦ | ਬੀਬੀ ਹਰਨਾਮ ਕੌਰ ਜਬਲਪੁਰ ,, | ੨੬੧-੦੦ |
| ਸ: ਭੁਪਿੰਦਰ ਸਿੰਘ ਸਉਥਹਾਲ ਯੂ.ਕੇ. | ੨੦੩੦-੦੦ | ਸ: ਅਮਰਜੀਤ ਸਿੰਘ ਲੁਧਿਆਣਾ | ੩੦੦-੦੦ |
| ਸ: ਲਹਿੰਬਰ ਸਿੰਘ ਸਲੌਅ ,, | ੧੨°੦-੦੦ | ਸ: ਹਰਨਾਮ ਸਿੰਘ ਪਟਿਆਲਾ | ੫੫੦-੦੦ |
| ਬੀ: ਗੁਰਚਰਨ ਕੌਰ ਗ੍ਰੇਵਜ਼ੈਂਡ ਕੈਂਟ ,, | ੨੨੫੦-੦੦ | ਸ: ਮਹਿੰਦਰ ਸਿੰਘ ਅਰਲਿੰਗਟਨ ਅਮਰੀਕਾ | ੨੪੬੫-੦੦ |
| ਭਾ: ਚਰਨਜੀਤ ਸਿੰਘ ਪੱਡਾ ਇਲਫੋਰਡ ਯੂ ਕੇ. | ੪੮੦੦-੦੦ | ਬੀ: ਗੁਰਬਚਨ ਕੌਰ ਪਤਨੀ ਸ: ਕੁਲਦੀਪ ਸਿੰਘ | |
| ਬੀ.ਐਸ. ਚੱਢਾ ਸਲੌਅ ਯੂ.ਕੇ. | ੬੦੦-੦੦ | (ਮਥਰਾ ਵਾਲੇ) ਤਰਨ ਤਾਰਨ ਅਕਤੂਬਰ ੮੭ ਦੀ | |
| ਭਾ:ਗੁਰਬਖਸ਼ਸਿੰਘ(ਬਾਕੀ ਅਖੰਡ ਕੀ:ਜਥਾਕਾਨਪੁਰ) | ੩੦੦-੦੦ | ਸਹਾਇਤਾ ਵਿਚੋਂ ਅਧੀ ਵਾਪਸੀ | ੫੦੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਰਵਿੰਦਰ ਕੌਰ ਪੁਤਰੀ ਭਾਈ ਗੁਰਦਿਆਲ ਸਿੰਘ ਮਤੇ ਦੀ ਸਰਾਂ—ਪਤੀ ਜੇਲ੍ਹ, ਘਰੇਲੂ ਲੋੜਾਂ | ੫੦੦੦-੦੦ |
| ਬੀ: ਅਮਰਜੀਤ ਕੌਰ ਪਤਨੀ ਸ਼ਹੀਦ ਸੁਖਦੇਵ ਸਿੰਘ ਤੂਸਿਕਾ—ਪਤੀ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਭਾ: ਦਇਆ ਸਿੰਘ ਪੁਤਰ ਭਾ: ਤੇਜਾ ਸਿੰਘ ਦੁਗਲਵਾਲਾ—ਜੇਲ੍ਹ ਚੋਂ ਰਿਹਾ, ਘਰੇਲੂ ਲੋੜਾਂ | ੫੦੦੦-੦੦ |
| ਭਾ: ਅਮਰਜੀਤ ਸਿੰਘ ਪਿੰਡ ਗੁਰਾਇਆਂ—ਜੇਲ੍ਹ ਵਿਚੋਂ ਰਿਹਾ, ਘਰੇਲੂ ਲੋੜਾਂ | ੫੦੦੦-੦੦ |
| ਬੀ: ਪਰਮਿੰਦਰ ਪਾਲ ਕੌਰ ਪਤਨੀ ਡਾ: ਗੁਰਪ੍ਰੀਤ ਸਿੰਘ ਲੁਧਿਆਣਾ—ਪਤੀ ਲਾ-ਪਤਾ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਪ੍ਰਕਾਸ਼ ਕੌਰ ਪਤਨੀ ਸ: ਦਾਰਾ ਸਿੰਘ ਤੂਸਿਕਾ—ਪੁਤਰ ਸ਼ਹੀਦ, ਪੁਤਰੀ ਦੀ ਸ਼ਾਦੀ ਲਈ | ੫੦੦੦-੦੦ |
| ਬੀ: ਜਸਬੀਰ ਕੌਰ ਪਤਨੀ ਭਾ: ਬਲਦੇਵ ਸਿੰਘ ਕੋਟ ਖਾਲਸਾ ਅੰਮ੍ਰਿਤਸਰ—ਪਤੀ ਜੇਲ੍ਹ, ਘਰੇਲੂ ਲੋੜਾਂ | ੫੦੦੦-੦੦ |
| ਬੀ: ਸਵਿੰਦਰ ਕੌਰ ਮਾਤਾ ਸ਼ਹੀਦ ਹਰਪਾਲ ਸਿੰਘ ਸੁਲਤਾਨ ਪਿੰਡ—ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਬਲਵਿੰਦਰ ਕੌਰ ਪਤਨੀ ਭਾ: ਚਰਨਜੀਤ ਸਿੰਘ ਡੇਹਲੋਂ (ਲੁਧਿ:)—ਪੁਤਰ ਹਿਰਾਸਤ ਵਿਚ, ਘਰੇਲੂ ਲੋੜਾਂ | ੫੦੦੦-੦੦ |
| ਬੀ: ਗੁਰਦੀਪ ਕੌਰ ਪਤਨੀ ਸ: ਗੁਰਬਚਨ ਸਿੰਘ ਪਿੰਡ ਬੇਲਾ—ਦੋ ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੧੦੦੦੦-੦੦ |
| ਬੀ: ਗੁਰਦੀਪ ਕੌਰ ਪਤਨੀ ਸ: ਹਰਭਜਨ ਸਿੰਘ ਚੰਡੀਗੜ੍ਹ—ਪਤੀ ਤਸ਼ੱਦਦ ਕਾਰਨ ਨਕਾਰਾ, ਇਲਾਜ ਲਈ | ੧੦੦੦੦-੦੦ |
| ਬੀ: ਹਰਨਾਮ ਕੌਰ ਪਤਨੀ ਸ: ਪ੍ਰਤਾਪ ਸਿੰਘ ਦਿਆਲਪੁਰ—ਪਤੀ ਤਸ਼ੱਦਦ ਕਾਰਨ ਨਕਾਰਾ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਪਰਸਿੰਨ ਕੌਰ ਮਾਤਾ ਸ: ਹਰਵਿੰਦਰ ਸਿੰਘ ਸੈਦਖੇੜੀ—ਪੁਤਰ ਲਾ-ਪਤਾ, ਘਰੇਲੂ ਲੋੜਾਂ | ੮੦੦੦-੦੦ |
| ਬੀ: ਸਰਬਜੀਤ ਕੌਰ ਮਾਤਾ ਭਾ: ਸਤਨਾਮ ਸਿੰਘ ਅੰਮ੍ਰਿਤਸਰ—ਪੁਤਰ ਸ਼ਹੀਦ, ਬੱਚਿਆਂ ਦੀ ਪੜ੍ਹਾਈ | ੫੦੦੦-੦੦ |
| ਬੀ: ਗੁਰਬਚਨ ਕੌਰ ਪਤਨੀ ਭਾ: ਹਰਬੰਸ ਸਿੰਘ ਪੱਟੀ—ਪਤੀ ੭ ਸਾਲ ਤੋਂ ਜੇਲ੍ਹ ਵਿਚ, ਗੁਜ਼ਾਰਾ ਮੁਸ਼ਕਲ | ੧੦੦੦੦-੦੦ |
| ਭਾ: ਪ੍ਰੀਤਮ ਸਿੰਘ ਪਿਤਾ ਭਾਈ ਸਰੂਪ ਸਿੰਘ ਨੰਗਲ ਖੂੰਗਾ—ਪੁਤਰ ਲਾ-ਪਤਾ, ਘਰੇਲੂ ਲੋੜਾਂ | ੫੦੦੦-੦੦ |
| ਬੀ: ਅਮਰਜੀਤ ਕੌਰ ਪਤਨੀ ਸ਼ਹੀਦ ਸੁਖਦੇਵ ਸਿੰਘ ਸਰਾਂ—ਪਤੀ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਜਗੀਰ ਕੌਰ ਮਾਤਾ ਸ਼ਹੀਦ ਹਰਦਿਆਲ ਸਿੰਘ ਤੂਸਿਕਾ—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਸਰੂਪ ਸਿੰਘ ਬ੍ਰੈਡਫੋਰਡ ਯੂ.ਕੇ, | ੨੫੦-੦੦ | ਸ: ਕੇਸਰ ਸਿੰਘ ਮੰਡ, ਹੇਜ਼ ਯੂ.ਕੇ. | ੬੦੦-੦੦ |
| ਸ: ਹਰੀ ਸਿੰਘ ਰੈਡਿੰਗ ,, | ੨੦੦-੦੦ | ਭਾਈ ਦੁਰਲਭ ਸਿੰਘ ਅੰਬਾਲਾ ਛਾਉਣੀ | ੧੦੦੦-੦੦ |
| ਸ: ਰਾਜਿੰਦਰ ਸਿੰਘ ਵੈਲਿੰਗ ਬੋਰੋ ,, | ੨੫-੦੦ | ਬੀਬੀ ਆਗਿਆ ਕੌਰ ਹਰਵਿੰਦਰ ਸਿੰਘ | ੨੧-੦੦ |
| ਸ: ਗੁਰਦਿਆਲ ਸਿੰਘ ਲੁਧਿਆਣਾ | ੧੦੦-੦੦ | ਭਾ: ਸੋਹਨ ਸਿੰਘ ਮੁਹਾਲੀ (ਚੜ੍ਹਾਵਾ ਸਮਾਗਮ) | ੩੪੯-੪੦ |
| ਭਾਈ ਅਵਤਾਰ ਸਿੰਘ ਜਲਾਲਪੁਰ (ਚੜ੍ਹਾਵਾ) | ੫੦-੦੦ | ਭਾ: ਬਲਵਿੰਦਰ ਸਿੰਘ ਜੌਹਲ ਧਾਰੀਵਾਲ ਕਲਾਂ | ੨੦-੦੦ |
| ਬੀ: ਗੋਬਿੰਦ ਕੌਰ ਅੰਬਾਲਾ ਛਾਉਣੀ | | ਗੁਪਤ ਸੇਵਾ ੬੦੦-੦੦ ਗੁਪਤ ਸੇਵਾ | ੧੦੧-੦੦ |
| (ਸ: ਹਰਬੰਸ ਸਿੰਘ ਦੀ ਯਾਦ ਵਿਚ) | ੧੦੨-੦੦ | ਕੁਲਬੀਰ ਸਿੰਘ ਅਜ਼ਾਦ ਨਗਰ(ਰਿਸ਼ਤੇ ਨਾਤੇ ਲਈ) | ੫੦-੦੦ |

ਸ: ਸਰਦਾਰ ਸਿੰਘ ਐਸ.ਡੀ.ਓ. (ਰੀ:)—ਭੁਜੰਗੀ ਰਾਜਵਿੰਦਰ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ ੧੦੧-੦੦

ਕੁਲਬੀਰ ਸਿੰਘ ਅਜ਼ਾਦ ਸ੍ਰੀ ਨਗਰ (ਰਿਸ਼ਤੇ ਨਾਤੇ ਲਈ) ੫੦-੦੦

www.AKJ.Org

**ਵੈਸਾਖੀ ਸ੍ਰੀ ਅੰਮ੍ਰਿਤਸਰ ਵਿਖੇ**—੧੨ ਅਪ੍ਰੈਲ ਸਵੇਰੇ ਕੀਰਤਨ ਤੇ ਅਨੰਦ ਕਾਰਜ ਗੁਰਦਵਾਰਾ ਸ਼ਹੀਦਗੰਜ ਬੀ ਬਲਾਕ, ਸ਼ਾਮ ਦੋ ਚੌਕੀਆਂ ਸ੍ਰੀ ਹਰਿਮੰਦਰ ਸਾਹਿਬ, ੧੩ ਅਪ੍ਰੈਲ ਸਵੇਰੇ ਗੁਰਦਵਾਰਾ ਰਾਮਸਰ ਸਾਹਿਬ, ਸ਼ਾਮ ਰੈਣ ਸਬਾਈ ਗੁ: ਮੰਜੀ ਸਾਹਿਬ ਵਿਖੇ।

ਰੋਹੀੜਾ ਘਲੂਘਾਰਾ (ਸੰਗਰੂਰ) ਵਿਖੇ ਰੈਣ ਸਬਾਈ ਕੀਰਤਨ ੭ ਮਾਰਚ

ਚੋਲਟਾ ਕਲਾਂ (ਨੇੜੇ ਖਰੜ-ਰੋਪੜ) ਗ੍ਰਹਿ ਭਾ: ਗਿਆਨ ਸਿੰਘ ਰੈਣ ਸਬਾਈ ਕੀਰਤਨ ੭ ਮਾਰਚ

ਮਾਸਕ ਰੈਣ ਸਬਾਈ ਗੁ: ਫਲਾਹੀ ਸਾਹਿਬ ਦੁਲਏਂ (ਲੁਧਿਆਣਾ) ੧੪ ਮਾਰਚ

ਫਜੂਪੁਰ (ਧਾਰੀਵਾਲ) ਗ੍ਰਹਿ ਬੀ: ਹਰਜਿੰਦਰ ਕੌਰ, ਭੋਗ ਅਖੰਡਪਾਠ, ਰੈਣ ਸਬਾਈ ੧੪ ਮਾਰਚ

ਗੁ: ਗਰਨਾ ਸਾਹਿਬ ਪਾ: ੬ (ਟਾਂਡਾ-ਦਸੂਹਾ) ਰੈਣ ਸਬਾਈ ਕੀਰਤਨ ੧੪ ਮਾਰਚ

ਵੈਰੋਵਾਲ ਥਾਣੇਵਾਲਾ (ਅੰਮ੍ਰਿਤਸਰ)ਗ੍ਰਹਿ ਸ: ਨੰਦ ਸਿੰਘ, ਭੋਗ ਅਖੰਡਪਾਠ,ਰੈਣ ਸਬਾਈ ੧੪ ਮਾਰਚ

ਉਦੋ ਨੰਗਲ (ਨੇੜੇ ਮਹਿਤਾ ਚੌਂਕ) ਰੈਣ ਸਬਾਈ ਕੀਰਤਨ ੨੧ ਮਾਰਚ

ਕੁਰਾਲਾ(ਹੁਸ਼ਿਆਰਪੁਰ)ਸ਼ਹੀਦ ਅਵਤਾਰ ਸਿੰਘ ਨਮਿਤ ਭੋਗ ਅਖੰਡਪਾਠ ਰੈਣ ਸਬਾਈ ੨੮ ਮਾਰਚ

ਬਾਬਾ ਬਕਾਲਾ, ਗੁ: ਮਾਤਾ ਗੰਗਾ ਜੀ, ਭੋਗ ਅਖੰਡ ਪਾਠ, ਰੈਣ ਸਬਾਈ, ਅੰਮ੍ਰਿਤ ਸੰਚਾਰ ੪ ਅਪ੍ਰੈਲ

ਡੇਰਾ ਬਾਬਾ ਨਾਨਕ, ਗ੍ਰਹਿ ਭਾ: ਬਖਸ਼ੀਸ਼ ਸਿੰਘ, ਰੈਣ ਸਬਾਈ ਕੀਰਤਨ ੪ ਮਾਰਚ

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

(1) ਸ੍ਰੀ ਅਖੰਡਪਾਠ 6 ਤੋਂ 8 ਮਾਰਚ. ਭਾ: ਸਤਬਿੰਦਰ ਸਿੰਘ, ਲੇਟਨ, (ਫ਼ੋਨ 081-539-2381 ਅਤੇ 8331) 71-ਫ਼ਰਾਂਸਿਸ ਰੋਡ, ਲੇਟਨ, ਲੰਡਨ ਵਿਖੇ। ਫ਼ੋਨ ਗੁਰਦਵਾਰਾ 081-556-4732

(2) ਕੀਰਤਨ ਰੈਣ ਸਬਾਈ 21 ਮਾਰਚ ਗੁ: ਸ੍ਰੀ ਗੁਰੂ ਸਿੰਘ ਸਭਾ, ਹੈਵਲਾਕ ਰੋਡ, ਸਾਊਥਾਲ, ਫੋਨ 081-574-8901 ਫੋਨ ਭਾ: ਸਤਨਾਮ ਸਿੰਘ 081-571-4690, ਭਾ: ਸਤਿੰਦਰ ਸਿੰਘ 081-574-8349

## ਬਰੇਲੀ (ਯੂ. ਪੀ,) ਵਿਖੇ ਢਾਢੀ ਵੀਰਾਂ ਦੀ ਯਾਦ ਵਿਚ ਸਮਾਗਮ

'ਪੂਰਨ ਜੀ' ਅਤੇ ਬੀਬੀ ਭੁਪਿੰਦਰ ਕੌਰ ਜੀ ਦੇ ਕੀਰਤਨੀ ਬੱਚਿਆਂ ਦੀ ਯਾਦ ਵਿਚ—

5 ਅਪ੍ਰੈਲ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ ਭਾ:ਜੋਗਿੰਦਰ ਸਿੰਘ, 5-ਏ ਮਾਡਲ ਟਾਊਨ, ਸ਼ਾਮ 7 ਤੋਂ 9 ਸੋਦਰ ਚੌਕੀ ਗੁਰੂ ਨਾਨਕ ਸਤਿਸੰਗ ਸਭਾ ਕੋਹਾੜਾ ਪੀਰ, 6 ਅਪ੍ਰੈਲ ਯਾਤਰਾ ਨਾਨਕਮਤਾ ਸਾਹਿਬ ਸਵੇਰੇ 10 ਵਜੇ ਕੋਹਾੜਾ ਪੀਰ ਤੋਂ, ਸ਼ਾਮ ਨੂੰ ਅਤੇ 7 ਅਪ੍ਰੈਲ ਸਵੇਰੇ ਕੀਰਤਨ ਉਪਰੰਤ ਵਾਪਸੀ ਬਰੇਲੀ, ਸ਼ਾਮ ਤੋਂ 9 ਸੋਦਰ ਚੌਕ ਗੁ: ਸ੍ਰੀ ਗੁਰੂ ਸਿੰਘ ਸਭਾ ਸੁਭਾਸ਼ ਨਗਰ, 8 ਅਪ੍ਰੈਲ ਸਵੇਰੇ 6 ਤੋਂ 11 ਕੀਰਤਨ ਗੁ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਤਿਸੰਗ ਸਭਾ ਜਨਕਪੁਰੀ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਗੁ: ਸ੍ਰੀ ਗੁਰੂ ਸਿੰਘ ਸਭਾ ਗੋਬਿੰਦ ਨਗਰ, ਮਾਡਲ ਟਾਊਨ। ਰਿਹਾਇਸ਼ ਹਰੀਮੰਦਰ ਬਾਰਾਤ ਘਰਿ, ਮਾਡਲ ਟਾਊਨ। 5-6 ਅਪ੍ਰੈਲ ਨੂੰ ਪੁਜਣ ਵਾਲੀਆਂ ਸੰਗਤਾਂ ਗੁਰਦਵਾਰਾ ਕੋਹਾੜਾ ਪੀਰ ਪੁਜਣ।

ਦਾਸਰੇ—ਨੌਜਵਾਨ ਅਖੰਡ ਕੀਰਤਨੀ ਜਥਾ, ਬਰੇਲੀ

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ ਪੀ. 43045)

'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org